Punjabi | ਪੰਜਾਬੀ

# ਬਾਲ ਸੁਰੱਖਿਆ ਅਤੇ ਬਚਾਅ

# ਨੀਤੀ

ਬੱਚਿਆਂ ਦੇ ਅਧਿਕਾਰਾਂ ਦੀ ਵਕਾਲਤ ਕਰਨਾ

## ਤਤਕਰਾ


1 ਉਦੇਸ਼ ........ 3

2 ਦਾਇਰਾ ........ 3

3 ਵਚਨਬੱਧਤਾ ਦਾ ਬਿਆਨ ........ 3

4 ਜ਼ਿੰਮੇਵਾਰੀਆਂ ........ 8

5 ਪਰਿਭਾਸ਼ਾਵਾਂ ........ 9

6 ਸਹਾਇਕ ਦਸਤਾਵੇਜ਼ ........ 10

7 ਨੀਤੀ ਦੀ ਸਮੀਖਿਆ ........ 11

8 ਸੰਬੰਧਿਤ ਸਰੋਤ ਸਵੀਕਾਰਨਾਮਾ ........ 11

9 ਕਾਨੂੰਨ ........ 12


## ਚੇਤਾਵਨੀ:

ਅਸੀਂ ਆਪਣੇ ਸਮਾਜ ਵਿੱਚ ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕੀਤੇ ਜਾਣ ਦੇ ਜ਼ੋਖਮ ਨੂੰ ਸਮਝਦੇ ਹਾਂ। ਇਸ ਦਸਤਾਵੇਜ਼ ਦੀ ਸਮੱਗਰੀ ਵਿੱਚ ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕੀਤੇ ਜਾਣ ਸੰਬੰਧੀ ਜਾਣਕਾਰੀ ਸ਼ਾਮਲ ਹੈ, ਜੋ ਕਿ ਪ੍ਰੇਸ਼ਾਨੀ ਦੀਆਂ ਭਾਵਨਾਵਾਂ ਨੂੰ ਜਨਮ ਦੇ ਸਕਦੀ ਹੈ। ਜੇਕਰ ਤੁਹਾਨੂੰ ਕਿਸੇ ਨਾਲ ਗੱਲ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ, ਤਾਂ ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ GP ਨਾਲ ਸੰਪਰਕ ਕਰੋ ਜਾਂ ਟੀਮ ਮੈਂਬਰ G8 Education ਵੱਲੋਂ ਮੁਫ਼ਤ ਉਪਲਬਧ ਕਰਵਾਏ ਗਏ ਕਰਮਚਾਰੀ ਸਹਾਇਤਾ ਪ੍ਰੋਗਰਾਮ (EAP) ਤੱਕ ਪਹੁੰਚ ਕਰ ਸਕਦੇ ਹਨ।

## 1 ਉਦੇਸ਼

ਇਹ ਨੀਤੀ ਬਾਲ ਸੁਰੱਖਿਆ ਅਤੇ ਬਚਾਅ ਪ੍ਰਤੀ ਸਾਡੀ ਸਮੂਹਿਕ ਅਤੇ ਸੰਸਥਾਤਮਕ ਵਚਨਬੱਧਤਾ ਨੂੰ ਪਰਿਭਾਸ਼ਿਤ ਕਰਦੀ ਹੈ। ਇਹ G8 Education ਵੱਲੋਂ ਨਿਯੁਕਤ ਸਾਰੇ ਟੀਮ ਮੈਂਬਰਾਂ, ਵਿਦਿਆਰਥੀਆਂ ਅਤੇ ਠੇਕੇਦਾਰਾਂ ਦੀਆਂ ਜ਼ਿੰਮੇਵਾਰੀਆਂ ਅਤੇ ਕਾਨੂੰਨੀ ਫਰਜ਼ਾਂ ਦੀ ਸਪੱਸ਼ਟ ਤੌਰ 'ਤੇ ਵਿਆਖਿਆ ਕਰਦੀ ਹੈ।

ਇਹ ਨੀਤੀ ਬੱਚਿਆਂ ਲਈ ਸੁਰੱਖਿਅਤ ਸੰਸਥਾਵਾਂ ਲਈ ਰਾਸ਼ਟਰੀ ਸਿਧਾਂਤਾਂ ਨੂੰ ਲਾਗੂ ਕਰਨ, ਅਤੇ ਨਿਊ ਸਾਊਥ ਵੇਲਜ਼, ਵਿਕਟੋਰੀਆ, ਕੁਈਨਜ਼ਲੈਂਡ ਅਤੇ ਆਸਟ੍ਰੇਲੀਆਈ ਰਾਜਧਾਨੀ ਖੇਤਰ ਵਿੱਚ ਬਾਲ ਸੁਰੱਖਿਆ ਮਿਆਰਾਂ ਸਮੇਤ ਸੂਬਾ-ਵਿਸ਼ੇਸ਼ ਸ਼ਰਤਾਂ ਦੇ ਨਾਲ-ਨਾਲ 'ਵਰਕਿੰਗ ਵਿਦ ਚਿਲਡਰਨ ਚੈੱਕ' ਕਾਨੂੰਨ ਨੂੰ ਲਾਗੂ ਕਰਨ ਦੀ ਸਾਡੀ ਪਹੁੰਚ ਲਈ ਢਾਂਚਾ ਪ੍ਰਦਾਨ ਕਰਦੀ ਹੈ।

## 2 ਦਾਇਰਾ

ਇਹ ਨੀਤੀ ਸੰਸਥਾ ਦੇ ਸਾਰੇ ਖੇਤਰਾਂ ਵਿੱਚ ਕੰਮ ਕਰਨ ਵਾਲੇ ਸਾਰੇ G8 Education ਟੀਮ ਦੇ ਮੈਂਬਰਾਂ, ਵਲੰਟੀਅਰਾਂ ਅਤੇ ਠੇਕੇਦਾਰਾਂ 'ਤੇ ਲਾਗੂ ਹੁੰਦੀ ਹੈ, ਭਾਵੇਂ ਉਹ ਬੱਚਿਆਂ ਜਾਂ ਯੁਵਕਾਂ ਨਾਲ ਸਿੱਧੇ ਸੰਪਰਕ ਵਿੱਚ ਕੰਮ ਕਰਦੇ ਹੋਣ ਜਾਂ ਨਹੀਂ।

## 3 ਵਚਨਬੱਧਤਾ ਦਾ ਬਿਆਨ

G8 Education ਵਿਖੇ, ਅਸੀਂ ਆਸਟ੍ਰੇਲੀਆ ਵਿੱਚ ਬੱਚਿਆਂ ਦੀ ਸੁਰੱਖਿਆ ਅਤੇ ਬਚਾਅ ਲਈ ਇੱਕ ਮਹੱਤਵਪੂਰਨ ਸਮਾਜਿਕ ਯੋਗਦਾਨ ਪਾਉਣ ਦੀ ਆਪਣੀ ਯੋਗਤਾ ਨੂੰ ਮਾਨਤਾ ਦਿੰਦੇ ਹਾਂ, ਸਾਡੇ ਨੈੱਟਵਰਕ ਦੇ ਆਕਾਰ ਅਤੇ ਉਹਨਾਂ ਭਾਈਚਾਰਿਆਂ ਦੀ ਵਿਸ਼ਾਲਤਾ ਦੇ ਆਧਾਰ 'ਤੇ ਜਿੱਥੇ ਅਸੀਂ ਕੰਮ ਕਰਦੇ ਹਾਂ।

ਅਸੀਂ ਬੱਚਿਆਂ ਲਈ ਅਜਿਹਾ ਸੁਰੱਖਿਅਤ ਮਾਹੌਲ ਪ੍ਰਦਾਨ ਕਰਕੇ ਉਨ੍ਹਾਂ ਦੀ ਸੁਰੱਖਿਆ, ਰਾਖੀ ਅਤੇ ਭਲਾਈ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹਾਂ, ਜਿੱਥੇ ਹਰ ਬੱਚੇ ਦਾ ਸਤਿਕਾਰ ਕੀਤਾ ਜਾਂਦਾ ਹੈ, ਉਨ੍ਹਾਂ ਦੀ ਕਦਰ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਆਪਣੀ ਪੂਰੀ ਸਮਰੱਥਾ ਤੱਕ ਪਹੁੰਚਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਸਾਡੀ ਸਿੱਖਿਆ ਅਤੇ ਦੇਖਭਾਲ ਅਧੀਨ ਆਉਣ ਵਾਲੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਅਸੀਂ ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਪ੍ਰਤੀ ਜ਼ੀਰੋ-ਸਹਿਣਸ਼ੀਲਤਾ ਵਾਲਾ ਰੁਖ਼ ਅਪਣਾਉਂਦੇ ਹਾਂ ਅਤੇ ਅਸੀਂ ਇੱਕ ਬਾਲ ਸੁਰੱਖਿਅਤ ਸੰਸਥਾ ਬਣਨ ਲਈ ਵਚਨਬੱਧ ਹਾਂ।

ਅਸੀਂ ਇੱਕ ਬਾਲ-ਸੁਰੱਖਿਅਤ ਸੱਭਿਆਚਾਰ ਦੀ ਅਗਵਾਈ ਕਰਨ ਦੀ ਆਪਣੀ ਸਮੂਹਿਕ ਜ਼ਿੰਮੇਵਾਰੀ ਨੂੰ ਸਮਝਦੇ ਹਾਂ, ਜੋ ਟੀਮ ਮੈਂਬਰਾਂ ਨੂੰ ਆਵਾਜ਼ ਉਠਾਉਣ ਲਈ ਉਤਸ਼ਾਹਿਤ ਕਰਦਾ ਹੈ ਅਤੇ ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਨਾਲ ਜੁੜੀ ਪਰਦੇਦਾਰੀ ਨੂੰ ਖ਼ਤਮ ਕਰਦਾ ਹੈ।

**G8 Education ਵਿੱਚ ਬਾਲ ਸੁਰੱਖਿਅਤ ਸੱਭਿਆਚਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ, ਅਸੀਂ ਹੇਠ ਲਿਖੇ ਤਰੀਕਿਆਂ ਰਾਹੀਂ ਰਾਸ਼ਟਰੀ ਸਿਧਾਂਤਾਂ ਅਤੇ ਬਾਲ ਸੁਰੱਖਿਆ ਮਿਆਰਾਂ ਨੂੰ ਅਮਲ ਵਿੱਚ ਲਿਆਉਂਦੇ ਹਾਂ:**

### ਬਾਲ ਸੁਰੱਖਿਆ ਅਤੇ ਭਲਾਈ ਨੂੰ ਲੀਡਰਸ਼ਿਪ, ਸ਼ਾਸਨ ਅਤੇ ਸੱਭਿਆਚਾਰ ਵਿੱਚ ਸਮਾਇਆ ਗਿਆ ਹੈ।

G8 Education ਵਿਖੇ ਹਰ ਵਿਅਕਤੀ ਦੀ ਇਹ ਭੂਮਿਕਾ ਹੈ ਕਿ ਉਹ ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਦੀਆਂ ਘਟਨਾਵਾਂ ਅਤੇ ਇਲਜ਼ਾਮਾਂ ਦੀ ਪਛਾਣ ਕਰੇ, ਉਨ੍ਹਾਂ ਉੱਤੇ ਕਾਰਵਾਈ ਕਰੇ, ਉਨ੍ਹਾਂ ਦਾ ਹਵਾਲਾ ਦੇਵੇ ਅਤੇ ਫਾਲੋ-ਅੱਪ ਕਰੇ। ਸਾਰੇ ਟੀਮ ਮੈਂਬਰਾਂ ਅਤੇ ਠੇਕੇਦਾਰਾਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਰੋਲ ਮਾਡਲ ਬਣਨ ਅਤੇ ਬਾਲ ਸੁਰੱਖਿਅਤ ਸੱਭਿਆਚਾਰ ਦਾ ਪ੍ਰਚਾਰ ਕਰਨ।

ਅਸੀਂ ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਲੀਡਰਸ਼ਿਪ, ਸ਼ਾਸਨ ਅਤੇ ਸੱਭਿਆਚਾਰ ਵਿੱਚ ਸਮਾਉਣ ਯੋਗ ਇਸ ਤਰੀਕੇ ਨਾਲ ਬਣਾਉਂਦੇ ਹਾਂ:

- ਸਾਡੀ ਆਚਾਰ ਸੰਹਿਤਾ (Code of Conduct), ਬਾਲ ਸੁਰੱਖਿਅਤ ਮਾਹੌਲ ਸੰਬੰਧੀ ਨੀਤੀ (Child Safe Environment Policy) ਅਤੇ ਬਾਲ ਸੁਰੱਖਿਆ ਅਤੇ ਬਚਾਅ ਅਭਿਆਸ ਮੈਨੂਅਲ (Child Protection and Safeguarding Practice Manual) ਵਰਗੀਆਂ ਸਪੱਸ਼ਟ ਬਾਲ ਸੁਰੱਖਿਆ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਲਾਗੂ ਕਰਕੇ।
- ਅਜਿਹੀਆਂ ਜ਼ੋਖਮ ਪ੍ਰਬੰਧਨ ਪ੍ਰਕਿਰਿਆਵਾਂ ਲਾਗੂ ਕਰਕੇ, ਜੋ ਬੱਚਿਆਂ ਲਈ ਜ਼ੋਖਮਾਂ ਨੂੰ ਰੋਕਣ, ਪਛਾਣਨ ਅਤੇ ਘਟਾਉਣ 'ਤੇ ਕੇਂਦ੍ਰਿਤ ਹਨ।
- ਸਾਡੇ ਕੰਮ ਕਰਨ ਦੇ ਤਰੀਕੇ ਨੂੰ ਸੂਚਿਤ ਕਰਨ ਲਈ ਬੱਚਿਆਂ ਦੀ ਸੁਰੱਖਿਆ ਬਾਰੇ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਕੇ।
- ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕਰਨ ਪ੍ਰਤੀ ਜ਼ੀਰੋ-ਸਹਿਣਸ਼ੀਲਤਾ ਵਾਲਾ ਰੁਖ਼ ਅਪਣਾਕੇ।
- ਸਾਰੇ ਟੀਮ ਮੈਂਬਰਾਂ ਨੂੰ ਵਾਧੂ ਸਿਖਲਾਈ ਪ੍ਰਦਾਨ ਕਰਕੇ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਜਾਣਕਾਰੀ ਸਾਂਝੀ ਕਰਨ ਅਤੇ ਰਿਕਾਰਡ ਰੱਖਣ ਸੰਬੰਧੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਦੇ ਹਨ।

## ਬੱਚਿਆਂ ਅਤੇ ਯੁਵਾਵਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਸੂਚਿਤ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਵਿੱਚ ਭਾਗੀਦਾਰੀ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ।

G8 Education ਵਿਖੇ, ਬੱਚੇ ਸਾਡੇ ਹਰ ਕੰਮ ਵਿੱਚ ਸਭ ਤੋਂ ਪਹਿਲਾਂ ਆਉਂਦੇ ਹਨ ਅਤੇ ਇਸ ਤਰ੍ਹਾਂ, ਸੰਗਠਨ ਵਿੱਚ ਬੱਚਿਆਂ ਦੇ ਸ਼ਕਤੀਕਰਨ ਅਤੇ ਭਾਗੀਦਾਰੀ ਨੂੰ ਸੁਚਾਰੂ ਬਣਾਉਣਾ ਸਭ ਤੋਂ ਮਹੱਤਵਪੂਰਨ ਹੈ। ਅਸੀਂ ਉਮੀਦ ਕਰਦੇ ਹਾਂ ਕਿ ਸਾਰੇ ਟੀਮ ਮੈਂਬਰ ਸਾਰੇ ਬੱਚਿਆਂ ਨਾਲ ਆਦਰ, ਮਾਣ ਅਤੇ ਸਮਝ ਨਾਲ ਪੇਸ਼ ਆਉਣਗੇ, ਇਹ ਮੰਨਦੇ ਹੋਏ ਕਿ ਬੱਚਿਆਂ ਨੂੰ ਸੁਰੱਖਿਅਤ ਰਹਿਣ ਅਤੇ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਮਾਮਲਿਆਂ ਵਿੱਚ ਆਪਣੀ ਆਵਾਜ਼ ਉਠਾਉਣ ਦਾ ਅਧਿਕਾਰ ਹੈ।

ਅਸੀਂ ਹੇਠ ਲਿਖੇ ਤਰੀਕਿਆਂ ਰਾਹੀਂ ਬੱਚਿਆਂ ਅਤੇ ਯੁਵਾਵਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਜਾਣੂ ਕਰਵਾਉਣ, ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਵਿੱਚ ਹਿੱਸਾ ਲੈਣ ਅਤੇ ਉਨ੍ਹਾਂ ਨੂੰ ਗੰਭੀਰਤਾ ਨਾਲ ਲੈਣ ਦੇ ਯੋਗ ਬਣਾਉਂਦੇ ਹਾਂ:

- ਬੱਚਿਆਂ ਨੂੰ ਉਹਨਾਂ ਦੇ ਅਧਿਕਾਰਾਂ, ਸੁਰੱਖਿਅਤ ਮਾਹੌਲ, ਸੁਰੱਖਿਅਤ ਰਹਿਣ ਲਈ ਸੁਰੱਖਿਆਤਮਕ ਰਣਨੀਤੀਆਂ ਅਤੇ ਲੋੜ ਪੈਣ 'ਤੇ ਸਹਾਇਤਾ ਲੈਣ ਬਾਰੇ ਸਿੱਖਿਆ ਦੇਣ ਅਤੇ ਉਹਨਾਂ ਨਾਲ ਜੁੜਨ ਲਈ ਪ੍ਰੋਗਰਾਮ ਅਤੇ ਸਰੋਤ ਪ੍ਰਦਾਨ ਕਰਕੇ।
- ਇਹ ਯਕੀਨੀ ਬਣਾਉਣ ਲਈ ਟੀਮ ਦੇ ਮੈਂਬਰਾਂ ਨੂੰ ਜਾਣਕਾਰੀ ਅਤੇ ਸਿਖਲਾਈ ਪ੍ਰਦਾਨ ਕਰਕੇ ਕਿ ਉਹ ਬੱਚਿਆਂ ਨਾਲ ਸਕਾਰਾਤਮਕ ਤੌਰ 'ਤੇ ਜੁੜਨ ਅਤੇ ਕੰਮ ਕਰਨ ਲਈ ਬੱਚਿਆਂ ਦੇ ਅਧਿਕਾਰਾਂ 'ਤੇ ਆਧਾਰਿਤ ਪਹੁੰਚ ਨੂੰ ਸਮਝਣ ਲਈ ਢੁਕਵੇਂ ਤੌਰ 'ਤੇ ਹੁਨਰਮੰਦ ਹਨ।
- ਫ਼ੈਸਲੇ ਲੈਣ ਵਿੱਚ ਬੱਚੇ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਕੇ, ਖ਼ਾਸ ਕਰਕੇ ਸੁਰੱਖਿਆ ਅਤੇ ਭਲਾਈ ਦੇ ਮੁੱਦਿਆਂ ਬਾਰੇ।
- ਬੱਚਿਆਂ ਦੀ ਭਾਗੀਦਾਰੀ ਦੇ ਮੌਕਿਆਂ ਦੀ ਨਿਯਮਤ ਤੌਰ 'ਤੇ ਸਮੀਖਿਆ ਕਰਨ ਨਾਲ ਅਤੇ ਸੰਬੰਧਿਤ ਗਤੀਵਿਧੀਆਂ ਲਈ ਬੱਚਿਆਂ ਦੀ ਸਹਿਮਤੀ ਲੈਣ ਲਈ ਪ੍ਰਕਿਰਿਆਵਾਂ ਲਾਗੂ ਕਰਕੇ।

## ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸੂਚਿਤ ਅਤੇ ਸ਼ਾਮਲ ਕੀਤਾ ਜਾਂਦਾ ਹੈ।

ਅਸੀਂ ਪਰਿਵਾਰਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਪਛਾਣਦੇ ਹਾਂ ਅਤੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਆਪਣੇ ਬੱਚੇ (ਬੱਚਿਆਂ) ਬਾਰੇ ਮਹੱਤਵਪੂਰਨ ਫ਼ੈਸਲੇ ਲੈਂਦੇ ਸਮੇਂ ਸਰਗਰਮੀ ਨਾਲ ਸ਼ਾਮਲ ਕਰਦੇ ਹਾਂ। ਅਸੀਂ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਸੂਚਿਤ ਕਰਦੇ ਹਾਂ।

ਅਸੀਂ ਹੇਠ ਲਿਖੇ ਤਰੀਕਿਆਂ ਰਾਹੀਂ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਉਤਸ਼ਾਹਿਤ ਕਰਨ ਵਿੱਚ ਸੂਚਿਤ ਅਤੇ ਸ਼ਾਮਲ ਕਰਨ ਦੇ ਯੋਗ ਬਣਾਉਂਦੇ ਹਾਂ:

- ਪਰਿਵਾਰਾਂ ਅਤੇ ਭਾਈਚਾਰਿਆਂ ਨਾਲ ਭਾਈਵਾਲੀ ਅਤੇ ਸਤਿਕਾਰਯੋਗ ਸੰਬੰਧਾਂ ਰਾਹੀਂ ਸੱਭਿਆਚਾਰਕ ਸੁਰੱਖਿਆ ਅਤੇ ਸ਼ਮੂਲੀਅਤ ਦਾ ਨਿਰਮਾਣ ਕਰਕੇ।
- ਸਾਡੀਆਂ ਸਾਰੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਪਰਿਵਾਰਾਂ ਅਤੇ ਭਾਈਚਾਰੇ ਲਈ ਇੱਕ QR ਕੋਡ ਰਾਹੀਂ ਆਸਾਨੀ ਨਾਲ ਪਹੁੰਚਯੋਗ ਬਣਾਕੇ, ਜਿੱਥੇ ਸੰਬੰਧਿਤ ਬਾਲ ਸੁਰੱਖਿਆ ਦਸਤਾਵੇਜ਼ ਸਾਡੀਆਂ ਵਿਅਕਤੀਗਤ ਬ੍ਰਾਂਡ ਵੈੱਬਸਾਈਟਾਂ ਰਾਹੀਂ ਉਪਲਬਧ ਹਨ।
- ਬਾਕਾਇਦਾ ਤੌਰ 'ਤੇ ਨੀਤੀ ਅਤੇ ਪ੍ਰਕਿਰਿਆ ਦੀਆਂ ਸਮੀਖਿਆ ਪ੍ਰਕਿਰਿਆਵਾਂ ਦੁਆਰਾ ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਲਈ G8 Education ਦੀ ਪਹੁੰਚ ਦੇ ਸੰਬੰਧ ਵਿੱਚ ਪਰਿਵਾਰਾਂ ਅਤੇ ਭਾਈਚਾਰਿਆਂ ਤੋਂ ਨਿਯਮਿਤ ਰੂਪ ਵਿੱਚ ਉਨ੍ਹਾਂ ਦੀ ਰਾਏ ਪ੍ਰਾਪਤ ਕਰਕੇ।
- ਸੰਬੰਧਿਤ ਗਤੀਵਿਧੀਆਂ ਲਈ ਮਾਪਿਆਂ/ਦੇਖਭਾਲ ਕਰਨ ਵਾਲਿਆਂ ਦੀ ਸਹਿਮਤੀ ਪ੍ਰਾਪਤ ਕਰਕੇ।
- ਮਾਪਿਆਂ, ਪਰਿਵਾਰਾਂ ਅਤੇ ਭਾਈਚਾਰੇ ਦੇ ਮੈਂਬਰਾਂ ਲਈ ਸਾਡੀਆਂ ਵਿਅਕਤੀਗਤ ਬ੍ਰਾਂਡ ਵੈੱਬਸਾਈਟਾਂ ਰਾਹੀਂ ਕਿਸੇ ਵੀ ਸਮੇਂ ਫੀਡਬੈਕ ਦੇਣ ਲਈ ਇੱਕ ਫੀਡਬੈਕ ਫਾਰਮ ਉਪਲਬਧ ਕਰਵਾ ਕੇ, ਅਤੇ ਫੀਡਬੈਕ ਲਈ ਹੋਰ ਮੌਕੇ ਜਿਵੇਂ ਕਿ ਸਰਵੇਖਣ ਜਾਰੀ ਕਰਕੇ।

## ਸਮਾਨਤਾ ਨੂੰ ਬਰਕਰਾਰ ਰੱਖਿਆ ਜਾਂਦਾ ਹੈ ਅਤੇ ਨੀਤੀ ਅਤੇ ਕੰਮ ਕਰਨ ਦੇ ਤਰੀਕਿਆਂ ਵਿੱਚ ਵਿਭਿੰਨਤਾ ਦੀਆਂ ਲੋੜਾਂ ਦਾ ਸਤਿਕਾਰ ਕੀਤਾ ਜਾਂਦਾ ਹੈ।

G8 Education ਵਿਖੇ, ਅਸੀਂ ਅਜਿਹੇ ਸ਼ਮੂਲੀਅਤ ਕਰਨ ਵਾਲੇ ਪ੍ਰੋਗਰਾਮ ਪ੍ਰਦਾਨ ਕਰਨ ਲਈ ਵਚਨਬੱਧ ਹਾਂ, ਜੋ ਸਾਰੇ ਬੱਚਿਆਂ ਨੂੰ ਆਪਣਾਪਨ ਮਹਿਸੂਸ ਕਰਨ ਦੇ ਯੋਗ ਬਣਾਉਂਦੇ ਹਨ, ਜਿਸ ਨਾਲ ਬੱਚੇ ਆਪਣੇ ਆਪ ਨੂੰ, ਆਪਣੇ ਸੱਭਿਆਚਾਰਾਂ, ਨਸਲਾਂ, ਭਾਸ਼ਾਵਾਂ, ਪਰਿਵਾਰਕ ਢਾਂਚਿਆਂ, ਅਧਿਆਤਮਿਕਤਾ, ਲਿੰਗ, ਜਿਨਸੀ ਰੁਝਾਨ ਅਤੇ ਵਿਕਾਸ ਯੋਗਤਾਵਾਂ ਨੂੰ ਸਰੋਤਾਂ, ਸਿੱਖਿਆ ਸ਼ਾਸਤਰਾਂ ਅਤੇ ਵਾਤਾਵਰਣ ਦੀ ਚੋਣ ਵਿੱਚ ਝਲਕਦਾ ਦੇਖਦੇ ਹਨ।

ਅਸੀਂ ਇਨ੍ਹਾਂ ਤਰੀਕਿਆਂ ਰਾਹੀਂ ਬਰਾਬਰੀ ਨੂੰ ਬਰਕਰਾਰ ਰੱਖਣ ਅਤੇ ਵਿਭਿੰਨ ਲੋੜਾਂ ਦਾ ਨੀਤੀਆਂ ਅਤੇ ਪ੍ਰਕਿਰਿਆਵਾਂ ਵਿੱਚ ਸਤਿਕਾਰ ਕਰਨ ਦੇ ਯੋਗ ਬਣਾਉਂਦੇ ਹਾਂ:

- ਅਪਾਹਜਤਾ ਪਹੁੰਚਯੋਗਤਾ, ਵਿਤਕਰਾ-ਵਿਰੋਧੀ, ਸੱਭਿਆਚਾਰਕ ਸੁਰੱਖਿਆ, ਵਿਭਿੰਨਤਾ, ਅਤੇ ਸ਼ਮੂਲੀਅਤ ਸੰਬੰਧੀ ਨੀਤੀਆਂ ਨੂੰ ਲਾਗੂ ਕਰਕੇ।
- ਨਸਲਵਾਦ ਅਤੇ ਵਿਤਕਰੇ ਪ੍ਰਤੀ ਜ਼ੀਰੋ-ਸਹਿਣਸ਼ੀਲਤਾ ਵਾਲਾ ਰੁਖ਼ ਅਪਣਾਕੇ।
- ਸਾਰੇ ਬੱਚਿਆਂ ਲਈ ਸੁਰੱਖਿਅਤ ਅਤੇ ਸੁਆਗਤ ਕਰਨ ਵਾਲੇ ਮਾਹੌਲ ਸਿਰਜਣ ਲਈ ਮਾਰਗਦਰਸ਼ਨ ਪ੍ਰਦਾਨ ਕਰਦੇ ਹੋਏ, ਵਿਤਕਰੇ ਅਤੇ ਅਲਹਿਦਗੀ ਨਾਲ ਨਜਿੱਠਣ ਲਈ ਸੰਸਥਾ ਭਰ ਵਿੱਚ ਸਾਰੇ ਪੱਧਰਾਂ 'ਤੇ ਵਰਤੀਆਂ ਜਾਂਦੀਆਂ ਪਾਰਦਰਸ਼ੀ ਰਣਨੀਤੀਆਂ ਨੂੰ ਪਰਿਭਾਸ਼ਿਤ ਕਰਕੇ।
- ਵੱਖ-ਵੱਖ ਪਿਛੋਕੜ ਅਤੇ ਲੋੜਾਂ ਵਾਲੇ ਬੱਚਿਆਂ ਦੀ ਪਛਾਣ ਕਰਨ ਅਤੇ ਉਹਨਾਂ ਲਈ ਜਵਾਬੀ ਕਾਰਵਾਈ ਕਰਨ ਲਈ ਟੀਮ ਦੇ ਮੈਂਬਰਾਂ ਦਾ ਸਮਰਥਨ ਕਰਕੇ।
- ਅਪਾਹਜ ਬੱਚਿਆਂ, ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ ਪਿਛੋਕੜ ਵਾਲੇ ਬੱਚਿਆਂ, ਘਰ ਵਿੱਚ ਰਹਿਣ ਦੇ ਅਯੋਗ ਬੱਚਿਆਂ, ਅਤੇ ਲੈਸਬੀਅਨ, ਗੇਅ, ਬਾਇਸੈਕਸੁਅਲ, ਟ੍ਰਾਂਸਜੈਂਡਰ ਅਤੇ ਇੰਟਰਸੈਕਸ ਬੱਚਿਆਂ ਦੀਆਂ ਕਿਸੇ ਵੀ ਵਾਧੂ ਜ਼ਰੂਰਤਾਂ ਨੂੰ ਪੂਰਾ ਕਰਕੇ।
- G8 Education ਦੀ ਮੇਲ-ਮਿਲਾਪ ਕਾਰਵਾਈ ਯੋਜਨਾ Reconciliation Action Plan (RAP) ਵਿੱਚ ਦੱਸੇ ਅਨੁਸਾਰ ਅਰਥਪੂਰਨ ਮੇਲ-ਮਿਲਾਪ ਕਾਰਵਾਈ ਨੂੰ ਅਮਲ ਵਿੱਚ ਲਿਆ ਕੇ।
- ਸਹਾਇਤਾ ਅਤੇ ਸ਼ਿਕਾਇਤ ਪ੍ਰਕਿਰਿਆ ਬਾਰੇ ਬੱਚਿਆਂ ਨੂੰ ਪਹੁੰਚਯੋਗ, ਬਾਲ ਸੁਰੱਖਿਅਤ ਅਤੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਜਾਣਕਾਰੀ ਪ੍ਰਦਾਨ ਕਰਕੇ।
- ਪਾਲਣ-ਪੋਸ਼ਣ ਵਾਲੇ ਅਤੇ ਸਕਾਰਾਤਮਕ ਮਾਹੌਲ ਦਾ ਨਿਰਮਾਣ ਕਰਕੇ ਇਹ ਯਕੀਨੀ ਬਣਾਉਣ ਲਈ ਕਿ ਐਬੋਰਿਜਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਬੱਚੇ ਆਪਣੇ-ਆਪ ਦੀ ਪਹਿਚਾਣ ਅਤੇ ਆਪਣੇ ਸੱਭਿਆਚਾਰ ਦੇ ਪ੍ਰਗਟਾਵੇ ਪ੍ਰਤੀ ਸੁਰੱਖਿਅਤ ਅਤੇ ਸਮਰਥਨ ਕੀਤੇ ਜਾਂਦੇ ਮਹਿਸੂਸ ਕਰਦੇ ਹਨ, ਇਸ ਤਰ੍ਹਾਂ ਉਹਨਾਂ ਦੀ ਸਵੈ ਅਤੇ ਪਛਾਣ ਦੀ ਭਾਵਨਾ ਨੂੰ ਉਤਸ਼ਾਹਿਤ ਕਰਕੇ।
- ਇੱਕ ਤਾਕਤ-ਅਧਾਰਿਤ ਪਹੁੰਚ ਅਪਣਾਕੇ, ਜੋ ਇਸ ਗਿਆਨ ਦਾ ਸਤਿਕਾਰ ਅਤੇ ਕਦਰ ਕਰਦੀ ਹੈ ਕਿ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਪਰਿਵਾਰ ਅਤੇ ਭਾਈਚਾਰੇ ਆਪਣੇ ਬੱਚਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਯੋਗਦਾਨ ਪਾ ਸਕਦੇ ਹਨ।
- ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਪ੍ਰੋਗਰਾਮ ਪ੍ਰਦਾਨ ਕਰਕੇ, ਬੱਚਿਆਂ, ਪਰਿਵਾਰਾਂ ਅਤੇ ਭਾਈਚਾਰਿਆਂ ਦੀ ਵਿਭਿੰਨਤਾ ਨੂੰ ਅਪਣਾਉਣਾ ਅਤੇ ਉਤਸ਼ਾਹਿਤ ਕਰਨਾ, ਇਹ ਮੰਨਦੇ ਹੋਏ ਕਿ ਹਰੇਕ ਬੱਚੇ ਨੂੰ ਲਿੰਗ, ਨਸਲ, ਧਾਰਮਿਕ ਵਿਸ਼ਵਾਸ, ਉਮਰ, ਲੋੜਾਂ, ਪਰਿਵਾਰਕ ਜਿਨਸੀ ਰੁਝਾਨ, ਸਮਾਜਿਕ ਜਾਂ ਸੱਭਿਆਚਾਰਕ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਸੁਰੱਖਿਅਤ ਰਹਿਣ ਦੇ ਬਰਾਬਰ ਅਧਿਕਾਰ ਹਨ।
- ਵਿਭਿੰਨਤਾ ਅਤੇ ਅੰਤਰ ਦੀਆਂ ਵਿਆਪਕ ਅਤੇ ਨਿਰੰਤਰ ਵਹਿੰਦੀਆਂ ਧਾਰਨਾਵਾਂ ਨਾਲ ਪਛਾਣ ਗਏ ਬੱਚਿਆਂ ਅਤੇ ਪਰਿਵਾਰਾਂ ਦੁਆਰਾ ਅਨੁਭਵ ਕੀਤੇ ਗਏ ਅਨਿਆਂ ਨੂੰ ਹੋਰ ਮਜ਼ਬੂਤ ਕਰਨ ਦੀ ਬਜਾਏ ਘਟਾਉਣ ਦੀ ਵਚਨਬੱਧਤਾ ਦੁਆਰਾ।

## ਬੱਚਿਆਂ ਅਤੇ ਯੁਵਾਵਾਂ ਨਾਲ ਕੰਮ ਕਰਨ ਵਾਲੇ ਲੋਕ ਆਪਣੇ ਕੰਮ ਕਰਨ ਦੇ ਤਰੀਕੇ ਵਿੱਚ ਬਾਲ ਸੁਰੱਖਿਆ ਅਤੇ ਭਲਾਈ ਦੇ ਮੁੱਲਾਂ ਨੂੰ ਦਰਸਾਉਣ ਲਈ ਢੁੱਕਵੇਂ ਅਤੇ ਸਮਰਥਿਤ ਹਨ।

G8 Education ਕੋਲ ਇੱਕ ਸਮਰਪਿਤ ਪ੍ਰਤਿਭਾ ਟੀਮ ਹੈ, ਜੋ ਸੰਸਥਾ ਭਰ ਲਈ ਢੁਕਵੇਂ ਬਿਨੈਕਾਰਾਂ ਨੂੰ ਆਕਰਸ਼ਿਤ ਅਤੇ ਭਰਤੀ ਕਰਦੀ ਹੈ। ਸਾਡੀ ਪ੍ਰਤਿਭਾ ਗ੍ਰਹਿਣ ਪ੍ਰਕਿਰਿਆ (Talent Acquisition Procedure) ਭਰਤੀ ਲਈ ਸਪੱਸ਼ਟ ਦਿਸ਼ਾ-ਨਿਰਦੇਸ਼ ਨਿਰਧਾਰਤ ਕਰਦੀ ਹੈ, ਤਾਂ ਜੋ ਕੇਂਦਰਾਂ ਵਿੱਚ ਬਾਲ ਸੁਰੱਖਿਅਤ ਸੱਭਿਆਚਾਰ ਨੂੰ ਬਰਕਰਾਰ ਰੱਖਿਆ ਜਾ ਸਕੇ ਅਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਭਰਤੀ ਕਰਨ ਵਾਲੇ ਸਾਰੇ ਟੀਮ ਮੈਂਬਰ ਬਾਲ ਸੁਰੱਖਿਆ ਭਰਤੀ ਦੇ ਸਿਧਾਂਤਾਂ ਦੀ ਪਾਲਣਾ ਕਰ ਰਹੇ ਹਨ।

ਅਸੀਂ ਇਨ੍ਹਾਂ ਤਰੀਕਿਆਂ ਰਾਹੀਂ ਟੀਮ ਮੈਂਬਰਾਂ ਨੂੰ ਢੁਕਵੇਂ ਅਤੇ ਅਤੇ ਸਮਰਥਿਤ ਬਣਾਉਂਦੇ ਹਾਂ:

- ਰੁਜ਼ਗਾਰ ਪ੍ਰਾਪਤੀ ਤੋਂ ਪਹਿਲਾਂ ਦੀ ਜਾਂਚ-ਪੜਤਾਲ, ਰੈਫਰੀ ਜਾਂਚਾਂ ਅਤੇ ਡਿਊਟੀ ਸਟੇਟਮੈਂਟਾਂ ਨੂੰ ਮੁਕੰਮਲ ਕਰਕੇ।
- ਇਹ ਯਕੀਨੀ ਬਣਾਕੇ ਕਿ ਅਜਿਹੀਆਂ ਪ੍ਰਣਾਲੀਆਂ ਮੌਜੂਦ ਹਨ ਜੋ ਇਹ ਯਕੀਨੀ ਬਣਾਉਂਦੀਆਂ ਹਨ ਕਿ ਟੀਮ ਦੇ ਸਾਰੇ ਮੈਂਬਰਾਂ ਕੋਲ ਮੌਜੂਦਾ 'ਵਰਕਿੰਗ ਵਿਦ ਚਿਲਡਰਨ ਚੈੱਕ' ਹਨ।
- ਸਾਰੇ ਟੀਮ ਮੈਂਬਰਾਂ ਅਤੇ ਏਜੰਸੀ ਟੀਮ ਨੂੰ ਉਨ੍ਹਾਂ ਦੀਆਂ ਬਾਲ ਸੁਰੱਖਿਆ ਅਤੇ ਭਲਾਈ ਜ਼ਿੰਮੇਵਾਰੀਆਂ, ਸਾਡੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ, ਬਾਹਰੀ ਰਿਪੋਰਟਿੰਗ ਜ਼ਿੰਮੇਵਾਰੀਆਂ ਅਤੇ ਆਚਾਰ ਸੰਹਿਤਾ ਸੰਬੰਧੀ ਪ੍ਰੇਰਣਾ ਅਤੇ ਨਿਰੰਤਰ ਸਿਖਲਾਈ ਪ੍ਰਦਾਨ ਕਰਕੇ।
- ਟੀਮ ਮੈਂਬਰਾਂ ਲਈ ਨਿਰੰਤਰ ਨਿਗਰਾਨੀ, ਸਹਾਇਤਾ ਅਤੇ ਕਾਰਗੁਜ਼ਾਰੀ ਪ੍ਰਬੰਧਨ ਲਈ ਨੀਤੀਆਂ ਅਤੇ ਰਣਨੀਤੀਆਂ ਹੋਣ ਦੁਆਰਾ।
- ਢਾਂਚਾਗਤ ਅਤੇ ਗ਼ੈਰ-ਰਸਮੀ ਸੰਚਾਰ ਅਤੇ ਸ਼ਮੂਲੀਅਤ ਗਤੀਵਿਧੀਆਂ ਰਾਹੀਂ ਸਾਡੇ ਬਾਲ-ਸੁਰੱਖਿਆ ਸੱਭਿਆਚਾਰ ਨੂੰ ਲਗਾਤਾਰ ਬਿਹਤਰ ਬਣਾਕੇ।

## ਸ਼ਿਕਾਇਤਾਂ ਅਤੇ ਚਿੰਤਾਵਾਂ ਦਾ ਜਵਾਬ ਦੇਣ ਦੀਆਂ ਪ੍ਰਕਿਰਿਆਵਾਂ ਬੱਚਿਆਂ 'ਤੇ ਕੇਂਦ੍ਰਿਤ ਹੁੰਦੀਆਂ ਹਨ।

G8 Education ਕੋਲ ਇੱਕ ਬਾਲ-ਕੇਂਦ੍ਰਿਤ ਸ਼ਿਕਾਇਤ ਸੰਭਾਲ ਪ੍ਰਣਾਲੀ ਹੈ ਜੋ ਸਾਰੇ ਟੀਮ ਮੈਂਬਰਾਂ, ਠੇਕੇਦਾਰਾਂ, ਪਰਿਵਾਰਾਂ ਅਤੇ ਜਨਤਾ ਲਈ ਪਹੁੰਚਯੋਗ ਹੈ, ਜੋ ਸ਼ਿਕਾਇਤਾਂ ਅਤੇ ਗਿਲਿਆਂ ਨਾਲ ਨਜਿੱਠਣ ਦੀ ਨੀਤੀ ਅਤੇ ਮਾਪਿਆਂ ਦੇ ਗਿਲੇ/ਸ਼ਿਕਾਇਤ ਪ੍ਰਕਿਰਿਆ ਰਾਹੀਂ ਲਾਗੂ ਕੀਤੀ ਗਈ ਹੈ।

ਅਸੀਂ ਇਨ੍ਹਾਂ ਤਰੀਕਿਆਂ ਰਾਹੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਸ਼ਿਕਾਇਤਾਂ ਅਤੇ ਚਿੰਤਾਵਾਂ ਦਾ ਜਵਾਬ ਦੇਣ ਦੀ ਸਾਡੀ ਪ੍ਰਕਿਰਿਆ ਬੱਚਿਆਂ 'ਤੇ ਕੇਂਦ੍ਰਿਤ ਹੋਵੇ:

- ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਤਰਜੀਹ ਦਿੰਦੇ ਹੋਏ ਬੱਚਿਆਂ ਦੇ ਨੁਕਸਾਨ ਜਾਂ ਸ਼ੋਸ਼ਣ ਦੀਆਂ ਸ਼ਿਕਾਇਤਾਂ ਜਾਂ ਬੱਚਿਆਂ ਦੇ ਖੁਲਾਸੇ ਨੂੰ ਪ੍ਰਾਪਤ ਕਰਨ, ਜਵਾਬੀ ਕਾਰਵਾਈ ਕਰਨ ਅਤੇ ਜਾਂਚ ਕਰਨ ਲਈ ਪਹੁੰਚਯੋਗ ਨੀਤੀਆਂ ਹੋਣ ਦੁਆਰਾ।
- ਉਨ੍ਹਾਂ ਚਿੰਤਾਵਾਂ ਜਾਂ ਸ਼ਿਕਾਇਤਾਂ ਪ੍ਰਤੀ ਪ੍ਰਭਾਵਸ਼ਾਲੀ ਢੰਗ ਨਾਲ ਜਵਾਬੀ ਕਾਰਵਾਈ ਕਰਨ ਦੁਆਰਾ ਜਿੱਥੇ ਕਿਸੇ ਹੋਰ ਬੱਚੇ ਦੁਆਰਾ ਬੱਚੇ ਨੂੰ ਨੁਕਸਾਨ ਪਹੁੰਚਾਇਆ ਜਾਂਦਾ ਹੈ।
- ਬਾਹਰੀ ਅਧਿਕਾਰਿਤ ਵਿਭਾਗਾਂ ਨੂੰ ਸੂਚਨਾ ਦੇਣ, ਰਿਕਾਰਡ ਰੱਖਣ ਅਤੇ ਜਾਣਕਾਰੀ ਸਾਂਝੀ ਕਰਨ ਲਈ ਪ੍ਰਕਿਰਿਆਵਾਂ ਲਾਗੂ ਹੋਣ ਦੁਆਰਾ, ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ G8 Education ਆਪਣੀਆਂ ਸੂਚਿਤ (ਰਿਪੋਰਟਿੰਗ) ਕਰਨ ਦੀਆਂ ਲੋੜਾਂ, ਰੁਜ਼ਗਾਰ ਕਾਨੂੰਨ ਅਤੇ ਗੁਪਤਤਾ ਸੰਬੰਧੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੀ ਹੈ।
- ਬੱਚਿਆਂ ਵੱਲੋਂ ਸ਼ੋਸ਼ਣ ਜਾਂ ਨਜ਼ਰਅੰਦਾਜ਼ ਕੀਤੇ ਜਾਣ ਬਾਰੇ ਖੁਲਾਸਾ ਕਰਨ ਦੀ ਸਥਿਤੀ ਵਿੱਚ ਟੀਮ ਮੈਂਬਰਾਂ ਨੂੰ ਸ਼ਿਕਾਇਤ ਪ੍ਰਕਿਰਿਆ, ਉਨ੍ਹਾਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ, ਅਤੇ ਰਿਪੋਰਟਿੰਗ ਅਤੇ ਗੁਪਤਤਾ ਸੰਬੰਧੀ ਜ਼ਿੰਮੇਵਾਰੀਆਂ ਬਾਰੇ ਜਾਣਕਾਰੀ ਪ੍ਰਦਾਨ ਦੁਆਰਾ।

## ਟੀਮ ਦੇ ਮੈਂਬਰ ਅਤੇ ਵਾਲੰਟੀਅਰ ਚੱਲ ਰਹੀ ਸਿੱਖਿਆ ਅਤੇ ਸਿਖਲਾਈ ਰਾਹੀਂ ਬੱਚਿਆਂ ਅਤੇ ਯੁਵਕਾਂ ਨੂੰ ਸੁਰੱਖਿਅਤ ਰੱਖਣ ਲਈ ਲੋੜੀਂਦੇ ਗਿਆਨ, ਹੁਨਰ ਅਤੇ ਜਾਗਰੂਕਤਾ ਨਾਲ ਲੈਸ ਹਨ।

ਸਾਰੇ G8 Education ਟੀਮ ਮੈਂਬਰ, ਰਾਸ਼ਟਰੀ ਕਾਨੂੰਨ ਅਤੇ ਨਿਯਮਾਂ ਦੇ r84 ਅਤੇ s162a ਅਨੁਸਾਰ ਲਾਜ਼ਮੀ ਬਾਲ ਸੁਰੱਖਿਆ ਸਿਖਲਾਈ ਵਿੱਚ ਨਾਮ ਦਾਖ਼ਲ ਹਨ। ਇਹ ਸਿਖਲਾਈ ਸ਼ੁਰੂਆਤੀ ਸ਼ਾਮਲ ਹੋਣ ਵੇਲੇ ਪੂਰੀ ਕੀਤੀ ਜਾਂਦੀ ਹੈ ਅਤੇ ਉਸ ਤੋਂ ਬਾਅਦ ਹਰ ਸਾਲ ਦੁਹਰਾਈ ਜਾਂਦੀ ਹੈ। ਇਹ ਸਿਖਲਾਈ ਸਿਖਿਆਰਥੀਆਂ ਨੂੰ ਹਰ ਕਿਸਮ ਦੇ ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕੀਤੇ ਜਾਣ ਨੂੰ ਪਛਾਣਨ, ਜਵਾਬ ਦੇਣ, ਸੇਵਾਵਾਂ ਕੋਲ ਭੇਜਣ ਕਰਨ ਅਤੇ ਫਾਲੋ-ਅੱਪ ਕਰਨ ਲਈ ਲੋੜੀਂਦਾ ਗਿਆਨ ਪ੍ਰਦਾਨ ਕਰਦੀ ਹੈ। ਇਹ ਸਿਖਲਾਈ G8 Education ਦੀਆਂ ਵਿਵਹਾਰਕ ਉਮੀਦਾਂ ਨੂੰ ਵੀ ਸਮਝਾਉਂਦੀ ਹੈ ਅਤੇ ਸਿਖਿਆਰਥੀਆਂ ਨੂੰ ਉਨ੍ਹਾਂ ਦੀਆਂ ਲਾਜ਼ਮੀ ਰਿਪੋਰਟਿੰਗ ਜ਼ਿੰਮੇਵਾਰੀਆਂ ਬਾਰੇ ਸਪੱਸ਼ਟ ਤੌਰ 'ਤੇ ਸੂਚਿਤ ਕਰਦੀ ਹੈ।

ਟੀਮ ਦੇ ਮੈਂਬਰ ਅਤੇ ਵਾਲੰਟੀਅਰ ਇਨ੍ਹਾਂ ਤਰੀਕਿਆਂ ਰਾਹੀਂ ਬੱਚਿਆਂ ਅਤੇ ਯੁਵਾਵਾਂ ਨੂੰ ਸੁਰੱਖਿਅਤ ਰੱਖਣ ਲਈ ਲੋੜੀਂਦੇ ਗਿਆਨ, ਹੁਨਰ ਅਤੇ ਜਾਗਰੂਕਤਾ ਨਾਲ ਲੈਸ ਹੁੰਦੇ ਹਨ:

- ਟੀਮ ਮੈਂਬਰਾਂ ਨੂੰ ਸਮੇਂ-ਸਮੇਂ 'ਤੇ ਹੇਠ ਲਿਖਿਆਂ ਨਾਲ ਸੰਬੰਧਿਤ ਸਿਖਲਾਈ ਅਤੇ ਜਾਣਕਾਰੀ ਪ੍ਰਦਾਨ ਕਰਕੇ:
  - ਸੰਬੰਧਿਤ ਸੁਰੱਖਿਆ ਅਤੇ ਭਲਾਈ ਨੀਤੀਆਂ ਬਾਰੇ
  - ਬੱਚਿਆਂ ਦੇ ਅਧਿਕਾਰਾਂ ਬਾਰੇ
  - ਬਾਲ ਵਿਕਾਸ ਬਾਰੇ
  - ਨੁਕਸਾਨ ਜਾਂ ਸ਼ੋਸ਼ਣ ਦੇ ਸੰਕੇਤਾਂ ਦੀ ਪਛਾਣ ਬਾਰੇ
  - ਖੁਲਾਸਿਆਂ ਦਾ ਜਵਾਬ ਦੇਣ ਬਾਰੇ
  - ਇੱਕ ਬੱਚੇ ਵੱਲੋਂ ਦੂਜੇ ਬੱਚੇ ਪ੍ਰਤੀ ਕੀਤੇ ਜਾ ਰਹੇ ਨੁਕਸਾਨਦੇਹ ਵਿਵਹਾਰਾਂ ਨੂੰ ਸਮਝਣ ਅਤੇ ਉਸ ਦਾ ਜਵਾਬ ਦੇਣ ਬਾਰੇ
  - ਰਿਕਾਰਡ ਰੱਖਣ ਦੀਆਂ ਜ਼ਿੰਮੇਵਾਰੀਆਂ ਬਾਰੇ
  - ਜ਼ੋਖਮ ਮੁਲਾਂਕਣ ਬਾਰੇ
  - ਬਾਹਰੀ ਰਿਪੋਰਟਿੰਗ ਦੀਆਂ ਜ਼ਿੰਮੇਵਾਰੀਆਂ ਬਾਰੇ
  - ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਾਹੌਲ ਬਣਾਉਣ ਬਾਰੇ
- ਇਹ ਯਕੀਨੀ ਬਣਾਉਣਾ ਕਿ ਉਹ ਟੀਮ ਮੈਂਬਰ ਅਤੇ ਵਾਲੰਟੀਅਰ ਜੋ ਬੱਚਿਆਂ ਨਾਲ ਸੰਬੰਧਿਤ ਨੁਕਸਾਨ ਜਾਂ ਜ਼ੋਖਮ ਦੀ ਜਾਣਕਾਰੀ ਦਿੰਦੇ ਹਨ, ਉਨ੍ਹਾਂ ਨੂੰ ਢੁੱਕਵਾਂ ਸਮਰਥਨ ਮਿਲੇ।

## ਅਸਲ ਅਤੇ ਔਨਲਾਈਨ ਮਾਹੌਲ ਸੁਰੱਖਿਆ ਅਤੇ ਭਲਾਈ ਨੂੰ ਉਤਸ਼ਾਹਿਤ ਕਰਦੇ ਹਨ ਜਦੋਂ ਕਿ ਬੱਚਿਆਂ ਅਤੇ ਯੁਵਾਵਾਂ ਨੂੰ ਨੁਕਸਾਨ ਪਹੁੰਚਾਉਣ ਦੇ ਮੌਕੇ ਨੂੰ ਘੱਟ ਕਰਦੇ ਹਨ।

G8 Education ਦੇ ਅੰਦਰ ਅਸਲੀ ਅਤੇ ਔਨਲਾਈਨ ਮਾਹੌਲ, ਸੁਰੱਖਿਆ ਅਤੇ ਭਲਾਈ ਨੂੰ ਉਤਸ਼ਾਹਿਤ ਕਰਦੇ ਹਨ, ਜੋ ਕਿ ਬੱਚਿਆਂ ਅਤੇ ਯੁਵਾਵਾਂ ਨੂੰ ਸੰਭਾਵੀ ਨੁਕਸਾਨ ਦੀ ਪਛਾਣ ਕਰਨ ਅਤੇ ਘਟਾਉਣ ਲਈ ਕੀਤੇ ਗਏ ਜ਼ੋਖਮ ਮੁਲਾਂਕਣਾਂ ਦੁਆਰਾ ਸਮਰਥਿਤ ਹੁੰਦੇ ਹਨ।

ਬਾਲ ਸੁਰੱਖਿਅਤ ਮਾਹੌਲ ਨੀਤੀ, ਸੰਸਥਾ ਭਰ ਵਿੱਚ ਮੰਨਜ਼ੂਰਸ਼ੁਦਾ ਪ੍ਰਦਾਤਾ, ਨਾਮਜ਼ਦ ਸੁਪਰਵਾਈਜ਼ਰਾਂ ਅਤੇ ਟੀਮ ਮੈਂਬਰਾਂ ਵੱਲੋਂ ਨਿਭਾਈਆਂ ਜਾਂਦੀਆਂ ਵੱਖ-ਵੱਖ ਜ਼ਿੰਮੇਵਾਰੀਆਂ ਦਾ ਵੇਰਵਾ ਦਿੰਦੀ ਹੈ, ਤਾਂ ਜੋ ਬੱਚਿਆਂ ਅਤੇ ਯੁਵਾਵਾਂ ਨੂੰ ਨੁਕਸਾਨ ਪਹੁੰਚਾਉਣ ਦੇ ਮੌਕੇ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ, ਬਾਲ ਸੁਰੱਖਿਅਤ ਵਾਤਾਵਰਣ ਨੂੰ ਬਣਾਈ ਰੱਖਿਆ ਜਾ ਸਕੇ।

ਸਾਡੇ ਅਸਲੀ ਅਤੇ ਔਨਲਾਈਨ ਮਾਹੌਲ ਸੁਰੱਖਿਆ ਅਤੇ ਭਲਾਈ ਨੂੰ ਇਸ ਤਰ੍ਹਾਂ ਉਤਸ਼ਾਹਿਤ ਕਰਦੇ ਹਨ:

- ਬੱਚੇ ਦੇ ਨਿੱਜਤਾ ਦੇ ਅਧਿਕਾਰ, ਜਾਣਕਾਰੀ ਤੱਕ ਪਹੁੰਚ ਅਤੇ ਸਿੱਖਣ ਦੇ ਮੌਕਿਆਂ ਨਾਲ ਸਮਝੌਤਾ ਕੀਤੇ ਬਿਨਾਂ ਜ਼ੋਖਮ ਨੂੰ ਘੱਟ ਤੋਂ ਘੱਟ ਕਰਨ ਲਈ ਟੀਮ ਮੈਂਬਰਾਂ ਦਾ ਸਮਰਥਨ ਕਰਕੇ।
- ਟੀਮ ਮੈਂਬਰਾਂ ਦੇ ਔਨਲਾਈਨ ਮਾਹੌਲ ਵਰਤੋਂ ਦਾ ਪ੍ਰਬੰਧਨ ਆਚਾਰ ਸੰਹਿਤਾ ਅਤੇ ਬਾਲ ਸੁਰੱਖਿਅਤ ਮਾਹੌਲ ਨੀਤੀ ਦੇ ਅਨੁਸਾਰ ਕਰਕੇ।
- ਕੇਂਦਰਾਂ ਵਿੱਚ ਆਉਣ ਵਾਲੇ ਮਹਿਮਾਨਾਂ ਦਾ ਸਹੀ ਢੰਗ ਨਾਲ ਰਿਕਾਰਡ ਰੱਖ ਕੇ ਅਤੇ ਉਨ੍ਹਾਂ ਨੂੰ ਨਿਗਰਾਨੀ ਹੇਠ ਰੱਖ ਕੇ।
- ਤੀਜੀ ਧਿਰਾਂ ਨਾਲ ਠੇਕੇਦਾਰੀ ਕਰਨ ਵੇਲੇ ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਯਕੀਨੀ ਬਣਾਉਣ ਲਈ ਵਿਸਥਾਰ-ਪੂਰਵਕ ਖ਼ਰੀਦ ਨੀਤੀਆਂ ਬਣਾ ਕੇ।
- ਬੱਚਿਆਂ ਦੀ ਨਿਗਰਾਨੀ ਵਿੱਚ ਸਹਾਇਤਾ ਕਰਨ ਅਤੇ ਬੱਚਿਆਂ ਦੀ ਨਿੱਜਤਾ ਦਾ ਸਤਿਕਾਰ ਕਰਨ ਵਾਲੀਆਂ ਥਾਵਾਂ ਡਿਜ਼ਾਈਨ ਕਰਕੇ।

## ਰਾਸ਼ਟਰੀ ਬਾਲ ਸੁਰੱਖਿਆ ਸਿਧਾਂਤਾਂ ਅਤੇ ਰਾਜ ਵਿਸ਼ੇਸ਼ ਬਾਲ ਸੁਰੱਖਿਆ ਮਿਆਰਾਂ ਨੂੰ ਲਾਗੂ ਕਰਨ ਦੀ ਨਿਯਮਿਤ ਤੌਰ 'ਤੇ ਸਮੀਖਿਆ ਕਰਕੇ ਅਤੇ ਸੁਧਾਰ ਕਰਕੇ।

G8 Education ਵਚਨਬੱਧ ਹੈ ਕਿ ਰਾਸ਼ਟਰੀ ਬਾਲ ਸੁਰੱਖਿਅਤ ਸੰਸਥਾਵਾਂ ਲਈ ਸਿਧਾਂਤਾਂ ਅਤੇ ਰਾਜ-ਵਿਸ਼ੇਸ਼ ਬਾਲ ਸੁਰੱਖਿਆ ਮਿਆਰਾਂ ਦੇ ਲਾਗੂਕਰਨ ਅਤੇ ਸ਼ਮੂਲੀਅਤ ਦੀ ਘੱਟੋ-ਘੱਟ ਹਰ ਸਾਲ ਸਮੀਖਿਆ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਨਾਲ ਜੁੜੀਆਂ ਕਿਸੇ ਵੀ ਸ਼ਿਕਾਇਤ ਜਾਂ ਪ੍ਰਣਾਲੀਗਤ ਅਸਫ਼ਲਤਾਵਾਂ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ, ਤਾਂ ਜੋ ਸੰਸਥਾ ਪੱਧਰ 'ਤੇ ਲਗਾਤਾਰ ਸੁਧਾਰ ਹੋ ਸਕੇ।

## ਨੀਤੀਆਂ ਅਤੇ ਪ੍ਰਕਿਰਿਆਵਾਂ ਇਸ ਗੱਲ ਨੂੰ ਦਰਸਾਉਂਦੀਆਂ ਹਨ ਕਿ G8 Education ਬੱਚਿਆਂ ਅਤੇ ਯੁਵਕਾਂ ਲਈ ਕਿਵੇਂ ਸੁਰੱਖਿਅਤ ਹੈ।

G8 Education ਇਹ ਯਕੀਨੀ ਬਣਾਉਂਦਾ ਹੈ ਕਿ ਸਾਰੇ ਬਾਲ ਸੁਰੱਖਿਆ ਦਸਤਾਵੇਜ਼ ਇੱਕ ਅਜਿਹੀ ਭਾਸ਼ਾ ਅਤੇ ਫਾਰਮੈਟ ਵਿੱਚ ਆਸਾਨੀ ਨਾਲ ਪਹੁੰਚਯੋਗ ਹੋਣ, ਜੋ ਸਮਝਣ ਵਿੱਚ ਆਸਾਨ, ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਹਿੱਸੇਦਾਰਾਂ ਦੇ ਸਲਾਹ-ਮਸ਼ਵਰੇ ਨਾਲ ਤਿਆਰ ਕੀਤੇ ਗਏ ਹੋਣ।

ਸਾਡੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਵਿੱਚ ਕਿਸੇ ਵੀ ਤਬਦੀਲੀ ਬਾਰੇ ਪਰਿਵਾਰਾਂ ਨੂੰ 14 ਦਿਨਾਂ ਦੇ ਅੰਦਰ-ਅੰਦਰ ਸੂਚਿਤ ਕਰਨ ਦੀ ਪ੍ਰਕਿਰਿਆ ਮੌਜੂਦ ਹੈ, ਅਤੇ ਪਰਿਵਾਰਾਂ ਨੂੰ ਫੀਡਬੈਕ ਦੇਣ ਦੇ ਮੌਕੇ ਦਿੱਤੇ ਜਾਂਦੇ ਹਨ, ਜਿਸਦੀ ਸਮੀਖਿਆ ਕੀਤੀ ਜਾਂਦੀ ਹੈ ਅਤੇ ਲੋੜ ਅਨੁਸਾਰ ਕਾਰਵਾਈ ਕੀਤੀ ਜਾਂਦੀ ਹੈ।

ਸਾਡੇ ਕੋਲ Conduct of Conduct (ਆਚਾਰ ਸੰਹਿਤਾ), Child Protection and Safeguarding Practice Manual (ਬਾਲ ਸੁਰੱਖਿਆ ਅਤੇ ਬਚਾਅ ਅਭਿਆਸ ਮੈਨੂਅਲ) ਅਤੇ Child Safe Centre Risk Assessment (ਬਾਲ ਸੁਰੱਖਿਅਤ ਕੇਂਦਰ ਜ਼ੋਖਮ ਮੁਲਾਂਕਣ) ਮੌਜੂਦ ਹਨ, ਜੋ ਹੇਠ ਲਿਖੀਆਂ ਪ੍ਰਕਿਰਿਆਵਾਂ ਦਾ ਸਮਰਥਨ ਕਰਦੇ ਹਨ:

- ਰਿਕਾਰਡ ਰੱਖਣ ਦਾ
- ਜਾਣਕਾਰੀ ਸਾਂਝੀ ਕਰਨ ਦਾ
- ਬਾਹਰੀ ਰਿਪੋਰਟਿੰਗ ਦੀਆਂ ਜ਼ਿੰਮੇਵਾਰੀਆਂ ਬਾਰੇ
- ਉਮੀਦ ਕੀਤੇ ਜਾਣ ਵਾਲੇ ਵਿਹਾਰ ਅਤੇ ਆਪਸੀ ਗੱਲਬਾਤ ਦਾ

## 4 ਜ਼ਿੰਮੇਵਾਰੀਆਂ

ਬੱਚੇ ਪਹਿਲਾਂ ਆਉਂਦੇ ਹਨ, ਅਤੇ ਇਹ ਗ਼ੈਰ-ਸਮਝੌਤਾਯੋਗ ਹੈ। ਅਸੀਂ ਉਮੀਦ ਕਰਦੇ ਹਾਂ ਕਿ ਟੀਮ ਦੇ ਮੈਂਬਰ ਸਾਰੇ ਬੱਚਿਆਂ ਨਾਲ ਆਦਰ, ਸਨਮਾਨ ਅਤੇ ਸਮਝਦਾਰੀ ਨਾਲ ਪੇਸ਼ ਆਉਣ। ਸਾਰੀਆਂ ਕਾਰਵਾਈਆਂ ਅਤੇ ਗੱਲਬਾਤ ਕਿਰਿਆਵਾਂ ਬੱਚੇ ਦੇ ਸਰਵੋਤਮ ਹਿੱਤ ਵਿੱਚ ਹੋਣੀਆਂ ਚਾਹੀਦੀਆਂ ਹਨ ਅਤੇ ਬਾਲ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੀ ਕਨਵੈਨਸ਼ਨ (United Nations Convention on the Rights of the Child) ਦੇ ਅਨੁਸਾਰ ਹੋਣੀਆਂ ਚਾਹੀਦੀਆਂ ਹਨ। G8 Education ਟੀਮ ਦੇ ਮੈਂਬਰਾਂ ਤੋਂ ਉਮੀਦ ਕੀਤੇ ਜਾਣ ਵਾਲੇ ਵਿਵਹਾਰ ਦਾ ਵੇਰਵਾ ਆਚਾਰ ਸੰਹਿਤਾ ਵਿੱਚ ਦਿੱਤਾ ਗਿਆ ਹੈ।

**G8 Education ਦਾ ਬੋਰਡ:**

- G8 Education ਦੇ ਜ਼ੋਖਮ ਪ੍ਰੋਫ਼ਾਈਲ ਦੀ ਨਿਗਰਾਨੀ ਕਰੇਗਾ ਅਤੇ ਇਹ ਯਕੀਨੀ ਬਣਾਏਗਾ ਕਿ ਕਿਸੇ ਵੀ ਗੰਭੀਰ ਘਟਨਾ, ਸ਼ੱਕ ਜਾਂ ਇਲਜ਼ਾਮ ਨਾਲ ਨਜਿੱਠਣ ਅਤੇ ਕੁਸ਼ਲਤਾ ਨਾਲ ਜਵਾਬੀ ਕਾਰਵਾਈ ਕਰਨ ਵਿੱਚ ਰੋਕਥਾਮ ਯੋਜਨਾ ਰਣਨੀਤੀਆਂ ਪ੍ਰਭਾਵਸ਼ਾਲੀ ਹਨ।
- ਇਹ ਯਕੀਨੀ ਬਣਾਏਗਾ ਕਿ ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕੀਤੇ ਜਾਣ ਦਾ ਪਤਾ ਲਗਾਉਣ ਅਤੇ ਰੋਕਥਾਮ ਲਈ ਢੁੱਕਵੀਆਂ ਅਤੇ ਪ੍ਰਭਾਵੀ ਅੰਦਰੂਨੀ ਨਿਯੰਤਰਣ ਪ੍ਰਣਾਲੀਆਂ ਲਾਗੂ ਹਨ।
- ਇਹ ਯਕੀਨੀ ਬਣਾਏਗਾ ਕਿ ਉਮੀਦ ਕੀਤੇ ਵਿਵਹਾਰ ਨੂੰ ਪਰਿਭਾਸ਼ਿਤ ਕਰਨ ਅਤੇ ਆਪਸੀ ਤਾਲਮੇਲ ਨੂੰ ਮਾਰਗਦਰਸ਼ਨ ਕਰਨ ਲਈ ਢੁਕਵੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਮੌਜੂਦ ਹਨ, ਜਿਨ੍ਹਾਂ ਵਿੱਚ ਆਚਾਰ ਸੰਹਿਤਾ ਵੀ ਸ਼ਾਮਲ ਹੈ।

**ਸਾਡੀ ਲੀਡਰਸ਼ਿਪ ਟੀਮ:**

- ਖੁੱਲੇਪਣ ਅਤੇ ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਕਿਰਿਆਸ਼ੀਲ ਲੀਡਰਸ਼ਿਪ ਪਹੁੰਚ ਨੂੰ ਉਤਸ਼ਾਹਿਤ ਕਰੇਗੀ।
- ਬੱਚਿਆਂ ਨਾਲ ਸ਼ੋਸ਼ਣ, ਨਜ਼ਰਅੰਦਾਜ਼ ਕੀਤੇ ਜਾਣ ਅਤੇ ਗਰੂਮਿੰਗ (ਵਿਸ਼ਵਾਸ ਜਿੱਤ ਕੇ ਸ਼ੋਸ਼ਣ ਕਰਨਾ) ਕੀਤੇ ਜਾਣ ਦੇ ਸ਼ੱਕ, ਦੋਸ਼ ਜਾਂ ਖੁਲਾਸੇ ਨੂੰ ਪਛਾਣਨ ਅਤੇ ਜਵਾਬੀ ਕਾਰਵਾਈ ਕਰਨ ਲਈ ਇੰਡਕਸ਼ਨ, ਸਿਖਲਾਈ ਅਤੇ ਨਿਰੰਤਰ ਜਾਣਕਾਰੀ ਪ੍ਰਦਾਨ ਕਰੇਗਾ।
- ਟੀਮ ਦੇ ਸਾਰੇ ਮੈਂਬਰਾਂ, ਬੱਚਿਆਂ ਅਤੇ ਪਰਿਵਾਰਾਂ ਨੂੰ ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕੀਤੇ ਜਾਣ ਦੇ ਸੂਚਕਾਂ ਬਾਰੇ ਜਾਗਰੂਕਤਾ ਵਧਾਉਣ ਲਈ ਨਿਯਮਤ ਜਾਣਕਾਰੀ ਪ੍ਰਦਾਨ ਕਰੇਗਾ, ਜਿਸ ਵਿੱਚ ਰੋਕਥਾਮ ਦਖ਼ਲ ਲਈ ਮੁੱਖ ਸੂਚਕ ਵਜੋਂ ਗਰੂਮਿੰਗ (ਵਿਸ਼ਵਾਸ ਜਿੱਤ ਕੇ ਸ਼ੋਸ਼ਣ ਕਰਨ ਦੇ) ਵਿਵਹਾਰ ਸ਼ਾਮਲ ਹਨ।
- ਇਹ ਯਕੀਨੀ ਬਣਾਏਗਾ ਕਿ ਸਾਡੀਆਂ ਸੂਚਨਾ ਪ੍ਰਬੰਧਨ ਪ੍ਰਣਾਲੀਆਂ ਅਤੇ ਕੰਮ ਦੇ ਤਰੀਕੇ ਬੱਚਿਆਂ ਅਤੇ ਉਨ੍ਹਾਂ ਦੀ ਜਾਣਕਾਰੀ ਦੀ ਸੁਰੱਖਿਆ ਕਰਨ ਲਈ ਸੁਰੱਖਿਅਤ ਹਨ।
- ਕਿਸੇ ਵੀ ਅਣਉਚਿਤ ਵਿਵਹਾਰ ਜਾਂ ਸ਼ੋਸ਼ਣ ਦੀਆਂ ਸ਼ੱਕੀ ਗਤੀਵਿਧੀਆਂ ਦੀ ਰਿਪੋਰਟ ਕਰੇਗੀ।
- ਉਹ ਉਨ੍ਹਾਂ ਸ਼ੋਸ਼ਣ ਦੀਆਂ ਕਿਸਮਾਂ ਤੋਂ ਜਾਣੂ ਹੋਣਗੇ ਜੋ ਉਹਨਾਂ ਦੀ ਜ਼ਿੰਮੇਵਾਰੀ ਦੇ ਖੇਤਰ ਵਿੱਚ ਹੋ ਸਕਦੇ ਹਨ ਅਤੇ ਅਜਿਹੇ ਵਿਵਹਾਰ ਦੇ ਕਿਸੇ ਵੀ ਸੰਕੇਤ ਪ੍ਰਤੀ ਸੁਚੇਤ ਰਹਿਣਗੇ।

**ਸੈਂਟਰ ਮੈਨੇਜਰ ਇਹ ਕਰਨਗੇ:**

- ਬੱਚਿਆਂ ਲਈ ਅਨੁਕੂਲ ਮਾਹੌਲ ਅਤੇ ਸੁਰੱਖਿਆਤਮਕ ਸੱਭਿਆਚਾਰ ਬਣਾਉਣਗੇ ਜੋ ਬੱਚਿਆਂ ਦੀ ਸੁਰੱਖਿਆ ਬਾਰੇ ਖੁੱਲ੍ਹ ਕੇ ਚਰਚਾ ਕਰਦਾ ਹੈ, ਪਰਦੇਦਾਰੀ ਰੱਖਣ ਨੂੰ ਦੂਰ ਕਰਦਾ ਹੈ ਅਤੇ ਬੱਚਿਆਂ ਨੂੰ ਖੁਲਾਸਾ ਕਰਨ ਦੇ ਮੌਕੇ ਪ੍ਰਦਾਨ ਕਰਦਾ ਹੈ।
- ਆਚਾਰ ਸੰਹਿਤਾ ਦੀ ਪਾਲਣਾ ਕਰਣਗੇ ਅਤੇ ਇਸਨੂੰ ਲਾਗੂ ਕਰਵਾਉਣਗੇ।
- ਇਸ ਬਾਲ ਸੁਰੱਖਿਆ ਅਤੇ ਬਚਾਅ ਨੀਤੀ, ਬਾਲ ਸੁਰੱਖਿਆ ਅਤੇ ਬਚਾਅ ਅਭਿਆਸ ਮੈਨੂਅਲ ਅਤੇ ਸਾਰੇ ਸੰਬੰਧਿਤ ਦਸਤਾਵੇਜ਼ਾਂ ਨੂੰ ਲਾਗੂ ਕਰਨ ਦੀ ਅਗਵਾਈ ਕਰਨਗੇ। ਟੀਮ ਮੈਂਬਰਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਸਹਾਇਤਾ ਕਰਨ ਲਈ ਸਿੱਖਿਆ ਅਤੇ ਮਾਰਗਦਰਸ਼ਨ ਪ੍ਰਦਾਨ ਕਰਨਗੇ।
- ਸ਼ੋਸ਼ਣ ਦੇ ਵਾਜਬ ਆਧਾਰਾਂ 'ਤੇ ਕਿਸੇ ਵੀ ਸ਼ੱਕ ਸਮੇਤ ਚਿੰਤਾ ਦੇ ਕਿਸੇ ਵੀ ਵਿਵਹਾਰ, ਦੁਰਵਿਵਹਾਰ ਜਾਂ ਅਪਰਾਧਿਕ ਕਾਰਵਾਈਆਂ ਲਈ ਚੌਕਸੀ ਬਣਾਈ ਰੱਖਣਗੇ ਅਤੇ ਜਵਾਬੀ ਕਾਰਵਾਈ ਦੇਣਗੇ।
- ਇਹ ਯਕੀਨੀ ਬਣਾਉਣਗੇ ਕਿ ਭਰਤੀ ਪ੍ਰਕਿਰਿਆ ਦੀ ਪਾਲਣਾ ਕੀਤੀ ਜਾਂਦੀ ਹੈ, ਤਾਂ ਕਿ ਉਸ ਕੇਂਦਰ ਵਿੱਚ ਸਿਰਫ਼ ਉਚਿਤ ਯੋਗਤਾ ਪ੍ਰਾਪਤ ਲੋਕ ਹੀ ਕੰਮ ਕਰਦੇ ਹਨ।
- ਘਟਨਾ ਪ੍ਰਬੰਧਨ ਅਤੇ ਜਾਂਚ ਪ੍ਰਕਿਰਿਆਵਾਂ ਦਾ ਪਾਲਣ ਕਰਨਗੇ ਅਤੇ ਟੀਮ ਦੇ ਮੈਂਬਰਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਸਹਾਇਤਾ ਕਰਨ ਲਈ ਸਿੱਖਿਆ ਅਤੇ ਸਲਾਹ ਪ੍ਰਦਾਨ ਕਰਨਗੇ।

- ਸੈਂਟਰ ਵਿੱਚ ਬੱਚਿਆਂ ਅਤੇ ਕਰਮਚਾਰੀਆਂ ਦੇ ਅਨੁਪਾਤ ਦੀ ਨਜ਼ਰਸਾਨੀ ਕਰਨਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਬੱਚਿਆਂ ਲਈ ਢੁੱਕਵੀਂ ਨਿਗਰਾਨੀ ਹਮੇਸ਼ਾ ਮੌਜੂਦ ਹੈ।
- ਬੱਚਿਆਂ ਦੀ ਸੁਰੱਖਿਆ ਅਤੇ ਹਿਫਾਜ਼ਤ ਲਈ ਮੌਜੂਦ ਕਿਸੇ ਵੀ ਜ਼ੋਖਮ ਦੀ ਪਛਾਣ ਕਰਨ ਅਤੇ ਨਜਿੱਠਣ ਲਈ ਸੈਂਟਰ ਦੇ ਜ਼ੋਖਮ ਮੁਲਾਂਕਣਾਂ ਦਾ ਸੰਚਾਲਨ ਅਤੇ ਸਮੀਖਿਆ ਕਰਨਗੇ।
- ਢੁੱਕਵੇਂ ਬਾਹਰੀ ਬਾਲ ਸੁਰੱਖਿਆ ਅਧਿਕਾਰੀਆਂ ਨਾਲ ਸੰਬੰਧ ਬਣਾਈ ਰੱਖਣਗੇ ਅਤੇ ਬਾਲ ਸੁਰੱਖਿਆ ਹੁਕਮਾਂ (Child Protection Orders) ਦੇ ਅਧੀਨ ਬੱਚਿਆਂ ਲਈ ਕੇਸ ਕਾਨਫ਼ਰੰਸਾਂ ਵਿੱਚ ਸ਼ਾਮਲ ਹੋਣਗੇ।
- ਜ਼ੋਖਮ ਵਿਚਲੇ ਬੱਚਿਆਂ ਦੀ ਸਹਾਇਤਾ ਕਰਨਗੇ ਅਤੇ ਫੰਡਿੰਗ ਸਰੋਤਾਂ ਦੀ ਪਛਾਣ ਕਰਨਗੇ ਤਾਂ ਜੋ ਵੱਧ ਤੋਂ ਵੱਧ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ।

**ਸਾਡੇ ਟੀਮ ਮੈਂਬਰ ਇਹ ਕਰਨਗੇ:**

- G8 Education ਦੇ ਮੂਲ ਮੁੱਲਾਂ ਅਤੇ ਵਿਹਾਰਕ ਯੋਗਤਾਵਾਂ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹੋਣਗੇ।
- ਅਜਿਹਾ ਮਾਹੌਲ ਪ੍ਰਦਾਨ ਕਰਨਗੇ, ਜੋ ਸਾਰੇ ਬੱਚਿਆਂ ਦੀਆਂ ਭਾਵਨਾਵਾਂ ਅਤੇ ਸਰੀਰਕ ਸੁਰੱਖਿਆ ਲਈ ਸਹਾਇਕ ਹੋਵੇ।
- ਆਚਾਰ ਸੰਹਿਤਾ ਰਾਹੀਂ ਆਪਣੀ ਅਤੇ ਹੋਰ ਟੀਮ ਮੈਂਬਰਾਂ ਦੀ ਜ਼ਿੰਮੇਵਾਰੀ ਨਿਭਾਉਣਗੇ ਅਤੇ ਕੋਡ ਦੀ ਕਿਸੇ ਵੀ ਉਲੰਘਣਾ ਦੀ ਰਿਪੋਰਟ ਕਰਨ ਵਿੱਚ ਚੌਕਸ ਰਹਿਣਗੇ।
- ਇਰਾਦੇ ਦੀ ਘੋਸ਼ਣਾ 'ਤੇ ਦਸਤਖ਼ਤ ਕਰਕੇ ਆਚਾਰ ਸੰਹਿਤਾ ਦੀ ਪਾਲਣਾ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਨਗੇ।
- ਕਿਸੇ ਵੀ ਬਾਲ ਸੁਰੱਖਿਆ ਅਤੇ ਬਚਾਅ ਸੰਬੰਧੀ ਘਟਨਾ ਜਾਂ ਸ਼ਿਕਾਇਤ ਨੂੰ ਪਛਾਣਨ, ਜਵਾਬ ਦੇਣ, ਸੇਵਾਵਾਂ ਕੋਲ ਭੇਜਣ ਕਰਨ ਅਤੇ ਫਾਲੋ-ਅੱਪ ਕਰਨ ਲਈ ਸੁਚੇਤ ਰਹਿਣਗੇ ਅਤੇ ਚੌਕਸੀ ਬਣਾਈ ਰੱਖਣਗੇ।
- ਜਦੋਂ ਵਾਜਬ ਆਧਾਰ 'ਤੇ ਇਹ ਸ਼ੱਕ ਹੋਵੇ ਕਿ ਕਿਸੇ ਬੱਚੇ ਦੀ ਸੁਰੱਖਿਆ ਖ਼ਤਰੇ ਵਿੱਚ ਹੈ, ਤਾਂ ਇਹ ਗੱਲ ਸੰਬੰਧਿਤ ਅਧਿਕਾਰੀਆਂ (ਜਿਵੇਂ ਕਿ ਪੁਲਿਸ ਅਤੇ/ਜਾਂ ਰਾਜ-ਅਧਾਰਿਤ ਬਾਲ ਸੁਰੱਖਿਆ ਸੇਵਾ) ਨੂੰ ਰਿਪੋਰਟ ਕਰਨਗੇ, ਲਾਜ਼ਮੀ ਰਿਪੋਰਟਰ ਹੋਣ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣਗੇ ਅਤੇ ਬਾਲ ਸੁਰੱਖਿਆ ਅਤੇ ਬਚਾਅ ਅਭਿਆਸ ਮੈਨੂਅਲ ਵਿੱਚ ਦਿੱਤੇ ਰਿਪੋਰਟਿੰਗ ਮਾਪਦੰਡ ਲਾਗੂ ਕਰਨਗੇ।
- ਸਾਡੇ ਐਬੋਰਿਜਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਬੱਚਿਆਂ, ਸੱਭਿਆਚਾਰਕ, ਭਾਸ਼ਾਈ, ਜਾਂ ਵੱਖ-ਵੱਖ ਪਿਛੋਕੜ ਵਾਲੇ ਬੱਚਿਆਂ ਅਤੇ ਅਪਾਹਜਤਾ ਵਾਲੇ ਬੱਚਿਆਂ ਲਈ ਵਧੇਰੇ ਸੁਰੱਖਿਆ ਦੀ ਪੇਸ਼ਕਸ਼ ਕਰਨ ਲਈ ਸ਼ਮੂਲੀਅਤ ਅਤੇ ਸਵੀਕਾਰ ਕਰਨ ਦੇ ਸੱਭਿਆਚਾਰਕ ਸੁਰੱਖਿਆ ਸਿਧਾਂਤਾਂ ਨੂੰ ਸ਼ਾਮਲ ਕਰਨਗੇ।
- ਬਾਲ ਸੁਰੱਖਿਆ ਅਤੇ ਬਚਾਅ ਦੇ ਸੰਬੰਧ ਵਿੱਚ ਉਚਿਤ ਰਾਸ਼ਟਰੀ ਅਤੇ ਰਾਜ ਕਾਨੂੰਨਾਂ, G8 Education ਦੀ ਨੀਤੀ, ਪ੍ਰਕਿਰਿਆਵਾਂ ਅਤੇ ਆਚਾਰ ਸੰਹਿਤਾ ਨਾਲ ਆਪਣੇ ਆਪ ਨੂੰ ਜਾਣੂ ਕਰਵਾਉਣਗੇ ਅਤੇ ਸਾਰੀਆਂ ਲੋੜੀਂਦੀਆਂ ਸ਼ਰਤਾਂ ਦੀ ਪਾਲਣਾ ਕਰਨਗੇ।
- ਹਰ ਸਮੇਂ ਸਨਮਾਨ, ਨਿੱਜਤਾ ਅਤੇ ਗੁਪਤਤਾ ਨੂੰ ਬਰਕਰਾਰ ਰੱਖਣਗੇ।

## 5 ਪਰਿਭਾਸ਼ਾਵਾਂ

ਇਸ ਨੀਤੀ ਦੇ ਉਦੇਸ਼ ਲਈ ਹੇਠਾਂ ਦਿੱਤੀ ਸ਼ਬਦਾਵਲੀ ਵਰਤੀ ਜਾਂਦੀ ਹੈ:

| ਸ਼ਬਦਾਵਲੀ | ਪਰਿਭਾਸ਼ਾ |
|---|---|
| **ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕੀਤੇ ਜਾਣਾ** | ਵਿਸ਼ਵ ਸਿਹਤ ਸੰਗਠਨ (World Health Organisation) ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕੀਤੇ ਜਾਣ ਨੂੰ ਸਾਰੇ ਤਰ੍ਹਾਂ ਦੇ ਸਰੀਰਕ ਅਤੇ/ਜਾਂ ਭਾਵਨਾਤਮਕ ਤੌਰ 'ਤੇ ਕੀਤੇ ਗਏ ਦੁਰਵਿਵਹਾਰ, ਯੌਨ ਸ਼ੋਸ਼ਣ, ਨਜ਼ਰਅੰਦਾਜ਼ ਕੀਤੇ ਜਾਂ ਅਣਗਹਿਲੀ ਵਾਲਾ ਵਿਵਹਾਰ ਜਾਂ ਵਪਾਰਕ ਜਾਂ ਹੋਰ ਕਿਸੇ ਕਿਸਮ ਦੇ ਸ਼ੋਸ਼ਣ ਵਜੋਂ ਪਰਿਭਾਸ਼ਤ ਕਰਦਾ ਹੈ, ਜੋ ਕਿ ਬੱਚੇ ਦੀ ਸਿਹਤ, ਜੀਵਨ, ਵਿਕਾਸ ਜਾਂ ਮਾਨ-ਸਨਮਾਨ ਨੂੰ ਹਾਨੀ ਪਹੁੰਚਾਉਂਦੇ ਹਨ ਜਾਂ ਪਹੁੰਚਾ ਸਕਦੇ ਹਨ, ਜਦੋਂ ਇਹ ਸਾਰੇ ਕਾਰਜ ਕਿਸੇ ਅਜਿਹੇ ਰਿਸ਼ਤੇ ਦੇ ਸੰਦਰਭ ਵਿੱਚ ਕੀਤੇ ਜਾਂਦੇ ਹਨ ਜੋ ਜ਼ਿੰਮੇਵਾਰੀ, ਭਰੋਸੇ ਜਾਂ ਸ਼ਕਤੀ 'ਤੇ ਆਧਾਰਿਤ ਹੁੰਦਾ ਹੈ।<br>ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕੀਤੇ ਜਾਣ ਦੀਆਂ ਪੰਜ ਮੁੱਖ ਉਪ ਕਿਸਮਾਂ ਹਨ:<br>• ਸਰੀਰਕ ਸ਼ੋਸ਼ਣ/ ਹਮਲਾ<br>• ਭਾਵਨਾਤਮਕ ਸ਼ੋਸ਼ਣ/ ਮਾੜਾ ਸਲੂਕ<br>• ਨਜ਼ਰਅੰਦਾਜ਼ ਕੀਤੇ ਜਾਣਾ<br>• ਜਿਨਸੀ ਸ਼ੋਸ਼ਣ<br>• ਪਰਿਵਾਰਕ ਹਿੰਸਾ ਦਾ ਸਾਹਮਣਾ ਕਰਨਾ। |

| | |
|---|---|
| **ਬਾਲ ਸੁਰੱਖਿਆ** | ਹਿੰਸਾ, ਸ਼ੋਸ਼ਣ, ਦੁਰਵਿਵਹਾਰ ਅਤੇ ਨਜ਼ਰਅੰਦਾਜ਼ ਕੀਤੇ ਜਾਣ ਤੋਂ ਬੱਚਿਆਂ ਦੀ ਸੁਰੱਖਿਆ ਹੈ। |
| **ਬਾਲ ਸੁਰੱਖਿਆ ਰਿਪੋਰਟਿੰਗ ਮਿਆਰ (Child Protection Reporting Standard)** | ਕਿਸੇ ਵੀ ਅਜਿਹੇ ਵਾਜਬ ਸ਼ੱਕ ਦੀ ਲਾਜ਼ਮੀ ਰਿਪੋਰਟ ਕਰਨਾ ਹੈ ਕਿ ਕਿਸੇ ਬੱਚੇ ਨੂੰ ਨੁਕਸਾਨ ਪਹੁੰਚਾਇਆ ਜਾਂ ਨਜ਼ਰਅੰਦਾਜ਼ ਕੀਤੇ ਗਿਆ ਹੈ ਜਾਂ ਨੁਕਸਾਨ ਪਹੁੰਚਾਏ ਜਾਂ ਨਜ਼ਰਅੰਦਾਜ਼ ਕੀਤੇ ਜਾਣ ਦੇ ਜ਼ੋਖਮ ਵਿੱਚ ਹੈ। |
| **ਬਾਲ ਸੁਰੱਖਿਅਤ ਆਚਾਰ ਸੰਹਿਤਾ** | ਇਹ ਸੰਸਥਾ ਦੇ ਨਿਯਮਾਂ, ਸਮਾਜਿਕ ਨਿਯਮਾਂ ਅਤੇ ਜ਼ਿੰਮੇਵਾਰੀਆਂ ਦਾ ਸੰਗ੍ਰਹਿ ਹੁੰਦਾ ਹੈ, ਜਿਸ ਵਿੱਚ ਇਹ ਦੱਸਿਆ ਹੁੰਦਾ ਹੈ ਕਿ ਕੀ ਸਵੀਕਾਰਯੋਗ ਹੈ ਅਤੇ ਕੀ ਨਹੀਂ, ਕਿਹੋ ਜਿਹੇ ਵਿਵਹਾਰ ਦੀ ਉਮੀਦ ਕੀਤੀ ਜਾਂਦੀ ਹੈ ਜਾਂ ਕੰਮ ਕਰਨ ਦੇ ਸਹੀ ਤਰੀਕੇ ਅਤੇ ਕੰਪਨੀ ਦੀਆਂ ਉਮੀਦਾਂ। |
| **ਆਚਾਰ ਸੰਹਿਤਾ** | ਨਿਯਮਾਂ, ਸਮਾਜਿਕ ਕਾਇਦਿਆਂ ਅਤੇ ਜ਼ਿੰਮੇਵਾਰੀਆਂ ਦਾ ਸੰਗ੍ਰਹਿ ਹੈ ਜਿਸ ਵਿੱਚ ਸ਼ਾਮਲ ਹੈ ਕਿ ਕੀ ਸਵੀਕਾਰਯੋਗ ਹੈ ਅਤੇ ਕੀ ਨਹੀਂ ਜਾਂ ਕੀ ਉਮੀਦ ਕੀਤਾ ਜਾਂਦਾ ਵਿਵਹਾਰ ਹੈ ਅਤੇ ਕੀ ਨਹੀਂ ਜਾਂ ਕੀ ਕੰਮ ਕਰਨ ਦਾ ਸਹੀ ਤਰੀਕਾ ਹੈ ਜਾਂ ਕੀ ਨਹੀਂ ਅਤੇ ਕੰਪਨੀ ਦੀਆਂ ਉਮੀਦਾਂ ਵਿੱਚ ਕੀ ਸ਼ਾਮਲ ਹੈ ਅਤੇ ਕੀ ਨਹੀਂ। |
| **ਸੱਭਿਆਚਾਰਕ ਸੁਰੱਖਿਆ** | ਇੱਕ ਸੁਰੱਖਿਅਤ ਅਤੇ ਦੋਸਤਾਨਾ ਮਾਹੌਲ ਹੈ ਜਿੱਥੇ ਬੱਚੇ ਆਪਣੀ ਪੂਰੀ ਸਮਰੱਥਾ ਤੱਕ ਪਹੁੰਚਣ ਲਈ ਸਤਿਕਾਰਤ, ਕਦਰ ਕੀਤੇ ਜਾਂਦੇ ਅਤੇ ਉਤਸ਼ਾਹਿਤ ਮਹਿਸੂਸ ਕਰਦੇ ਹਨ। |
| **ਖੁਲਾਸਾ** | ਕਿਸੇ ਚੀਜ਼ ਨੂੰ ਜਾਣੂ ਕਰਵਾਉਣ ਦੀ ਕਿਰਿਆ। |
| **ਗਰੂਮਿੰਗ** | ਕਿਸੇ ਬਾਲਗ ਦੁਆਰਾ ਕਿਸੇ ਬੱਚੇ ਨੂੰ ਜਿਨਸੀ ਗਤੀਵਿਧੀ ਲਈ ਤਿਆਰ ਕਰਨ ਦੀ ਇੱਕ ਕਾਰਵਾਈ ਹੈ, ਅਕਸਰ ਇਸ ਵਿੱਚ ਜਿਨਸੀ ਗਤੀਵਿਧੀ ਲਈ ਲਗਾਤਾਰ ਵਧਦੀ ਅਸੰਵੇਦਨਸ਼ੀਲਤਾ ਸ਼ਾਮਲ ਹੁੰਦੀ ਹੈ (ਜਿਵੇਂ ਕਿ ਸਰੀਰਕ ਸੰਪਰਕ ਜਾਂ ਜਿਨਸੀ ਸਮੱਗਰੀ ਅਤੇ ਕਿਰਿਆਵਾਂ ਦੇ ਸੰਪਰਕ ਵਿੱਚ ਵਾਧਾ), ਇਕੱਠੇ ਬਗ਼ੈਰ ਨਿਗਰਾਨੀ ਦੇ ਇਕੱਲੇ ਰਹਿਣ ਦੇ ਮੌਕੇ ਲੱਭਣਾ, ਰਿਸ਼ਤੇ ਵਿੱਚ ਪਰਦੇਦਾਰੀ ਰੱਖਣ ਨੂੰ ਉਤਸ਼ਾਹਿਤ ਕਰਨਾ ਅਤੇ/ਜਾਂ ਬੱਚੇ ਉੱਤੇ ਸ਼ਕਤੀ ਅਤੇ ਨਿਯੰਤ੍ਰਣ ਦੀ ਵਰਤੋਂ ਕਰਨਾ ਜਿਵੇਂ ਕਿ ਧਮਕੀਆਂ, ਤਾਕਤ ਜਾਂ ਅਧਿਕਾਰ ਦੀ ਵਰਤੋਂ ਕਰਕੇ ਅਤੇ ਬੱਚੇ ਨੂੰ ਅਣਚਾਹੇ ਵਿਵਹਾਰ ਦੀ ਸੂਚਨਾ ਪ੍ਰਦਾਨ ਕਰਨ ਤੋਂ ਡਰਾਉਣਾ। |
| **ਲਾਜ਼ਮੀ ਰਿਪੋਰਟਰ** | ਉਹ ਵਿਅਕਤੀ ਹੁੰਦੇ ਹਨ ਜੋ ਜ਼ੋਖਮ ਵਿਚਲੇ ਲੋਕਾਂ ਨਾਲ ਨਿਯਮਤ ਸੰਪਰਕ ਵਿੱਚ ਹੁੰਦੇ ਹਨ ਅਤੇ ਇਸ ਲਈ ਉਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਇਹ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ ਕਿ ਸ਼ੋਸ਼ਣ ਹੁੰਦਾ ਦੇਖੇ ਜਾਣ ਜਾਂ ਹੁੰਦਾ ਹੋਣ ਦੀ ਸ਼ੱਕ ਹੋਣ 'ਤੇ ਰਿਪੋਰਟ ਕੀਤੀ ਜਾਵੇ। |
| **ਲਾਜ਼ਮੀ ਰਿਪੋਰਟਿੰਗ** | ਲੋਕਾਂ ਦੇ ਚੁਣੇ ਹੋਏ ਸਮੂਹਾਂ ਲਈ ਸਰਕਾਰੀ ਅਧਿਕਾਰਿਤ ਵਿਭਾਗਾਂ ਨੂੰ ਸ਼ੱਕੀ ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕੀਤੇ ਜਾਣ ਦੀ ਰਿਪੋਰਟ ਕਰਨ ਲਈ ਕਾਨੂੰਨੀ ਸ਼ਰਤ ਹੈ। |
| **ਸੁਰੱਖਿਆ** | ਹਾਨੀ, ਸੱਟ, ਨੁਕਸਾਨ ਤੋਂ ਬਚਾਅ ਜਾਂ ਢਾਲ। |
| **ਰਿਪੋਰਟ ਕਰਨ ਯੋਗ ਵਿਵਹਾਰ** | ਇਸ ਵਿੱਚ ਇੱਕ ਜਿਨਸੀ ਅਪਰਾਧ (ਅਪਰਾਧਿਕ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਕੀਤਾ ਹੋਇਆ ਵੀ), ਬੱਚੇ ਦੇ ਨਾਲ ਜਾਂ ਉਸ ਦੀ ਮੌਜੂਦਗੀ ਵਿੱਚ, ਬੱਚੇ ਦੇ ਵਿਰੁੱਧ ਕੀਤਾ ਜਿਨਸੀ ਦੁਰਵਿਵਹਾਰ ਜਾਂ ਸਰੀਰਕ ਹਿੰਸਾ, ਬਹੁਤ ਜ਼ਿਆਦਾ ਭਾਵਨਾਤਮਕ ਜਾਂ ਮਨੋਵਿਗਿਆਨਕ ਨੁਕਸਾਨ ਪਹੁੰਚਾਉਣ ਵਾਲਾ ਵਿਵਹਾਰ, ਬੱਚੇ ਨੂੰ ਬਹੁਤ ਜ਼ਿਆਦਾ ਨਜ਼ਰਅੰਦਾਜ਼ ਕੀਤੇ ਜਾਣਾ ਸ਼ਾਮਲ ਹੈ। |
| **ਟੀਮ ਮੈਂਬਰ** | ਅਜਿਹਾ ਵਿਅਕਤੀ ਹੁੰਦਾ ਹੈ ਜੋ ਇੱਕ ਸਾਂਝੇ ਟੀਚੇ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਵਿੱਚ ਸ਼ਾਮਲ ਲੋਕਾਂ ਦੇ ਇੱਕ ਖ਼ਾਸ ਸਮੂਹ ਨਾਲ ਸੰਬੰਧਿਤ ਹੁੰਦਾ ਹੈ। ਗੌਰਤਲਬ ਹੈ ਕਿ ਇਸ ਦਸਤਾਵੇਜ਼ ਵਿੱਚ ਜਿੱਥੇ-ਜਿੱਥੇ ਟੀਮ ਮੈਂਬਰ ਦਾ ਹਵਾਲਾ ਦਿੱਤਾ ਗਿਆ ਹੈ ਉਸ ਵਿੱਚ ਵਾਲੰਟੀਅਰ ਵੀ ਸ਼ਾਮਲ ਹੋਣਗੇ। |

## 6 ਸਹਾਇਕ ਦਸਤਾਵੇਜ਼

ਹੇਠਾਂ ਸੂਚੀਬੱਧ ਦਸਤਾਵੇਜ਼ ਬਾਲ ਸੁਰੱਖਿਆ ਸੰਸਥਾ ਨੂੰ ਚਲਾਉਣ ਲਈ ਸਾਡੀ ਵਚਨਬੱਧਤਾ ਦਾ ਸਮਰਥਨ ਕਰਨ ਅਤੇ ਮਾਰਗਦਰਸ਼ਨ ਕਰਨ ਲਈ ਇਸ ਨੀਤੀ ਦੀ ਪਾਲਣਾ ਕਰਦੇ ਹਨ: ਕੁੱਝ ਸਹਾਇਕ ਦਸਤਾਵੇਜ਼ ਸਾਡੇ ਅੰਦਰੂਨੀ ਨੈੱਟਵਰਕਾਂ ਵਿੱਚ ਸ਼ਾਮਲ ਹਨ ਅਤੇ ਉਨ੍ਹਾਂ ਨੂੰ ਕੇਂਦਰ ਦੀ ਟੀਮ ਤੋਂ ਮੰਗਿਆ ਜਾ ਸਕਦਾ ਹੈ।

- ਬਾਲ ਸੁਰੱਖਿਆ ਅਤੇ ਬਚਾਅ ਅਭਿਆਸ ਮੈਨੂਅਲ (Child Protection and Safeguarding Practice Manual)
- ਆਚਾਰ ਸੰਹਿਤਾ ਅਤੇ ਬਾਲ ਸੁਰੱਖਿਆ ਅਤੇ ਬਚਾਅ ਜ਼ਿੰਮੇਵਾਰੀਆਂ ਦਾ ਪੋਸਟਰ

- ਬਾਲ ਸੁਰੱਖਿਆ ਝੰਡਾ ਪੋਸਟਰ
- ਸ਼ਿਕਾਇਤਾਂ ਅਤੇ ਗਿਲੇ ਨੀਤੀ (Complaints and Grievances Policy)
- ਬਾਲ-ਸਰੱਖਿਅਤ ਮਾਹੌਲ ਨੀਤੀ (Child Safe Environment Policy)
- ਨਿਗਰਾਨੀ ਨੀਤੀ (Supervision Policy)
- ਕਰਮਚਾਰੀ ਸਹਾਇਤਾ ਪ੍ਰੋਗਰਾਮ (Employee Assistance Program)
- ਸਿਹਤ ਅਤੇ ਸੁਰੱਖਿਆ ਨੀਤੀ (Health and Safety Policy)
- ਜ਼ੋਖਮ ਪ੍ਰਬੰਧਨ ਨੀਤੀ (Risk Management Policy) ਅਤੇ ਫਰੇਮਵਰਕ
- ਵ੍ਹਿਸਲਬਲੋਅਰ ਨੀਤੀ (Whistleblower Policy)
- ਬਾਲ ਸੁਰੱਖਿਆ ਪ੍ਰਤੀ ਜ਼ੋਖਮ ਮੁਲਾਂਕਣ ਦਿਸ਼ਾ-ਨਿਰਦੇਸ਼ (Child Protection Risk Assessment Guidelines)
- ਬਾਲ ਸੁਰੱਖਿਆ ਰਿਪੋਰਟ ਫਾਰਮ (Child Protection Report Form)
- ਬਾਲ ਭਲਾਈ ਫਾਰਮ (Child Wellbeing Form)
- ਆਉਣ ਸਮੇਂ ਸੱਟ ਦੇ ਵੇਰਵੇ ਫਾਰਮ (Injury on Intake Form)
- ਰਾਜ ਅਧਾਰਿਤ ਲਾਜ਼ਮੀ ਰਿਪੋਰਟਿੰਗ:
  - ACT ਬਾਲ ਸੁਰੱਖਿਆ ਰਿਪੋਰਟਿੰਗ ਜ਼ਿੰਮੇਵਾਰੀਆਂ
  - NSW ਬਾਲ ਸੁਰੱਖਿਆ ਰਿਪੋਰਟਿੰਗ ਜ਼ਿੰਮੇਵਾਰੀਆਂ
  - QLD ਬਾਲ ਸੁਰੱਖਿਆ ਰਿਪੋਰਟਿੰਗ ਜ਼ਿੰਮੇਵਾਰੀਆਂ
  - SA ਬਾਲ ਸੁਰੱਖਿਆ ਰਿਪੋਰਟਿੰਗ ਜ਼ਿੰਮੇਵਾਰੀਆਂ
  - VIC ਬਾਲ ਸੁਰੱਖਿਆ ਰਿਪੋਰਟਿੰਗ ਜ਼ਿੰਮੇਵਾਰੀਆਂ
  - WA ਬਾਲ ਸੁਰੱਖਿਆ ਰਿਪੋਰਟਿੰਗ ਜ਼ਿੰਮੇਵਾਰੀਆਂ
- ਲਾਜ਼ਮੀ ਰਿਪੋਰਟਿੰਗ ਫਾਰਮ:
  - ਲਾਜ਼ਮੀ ਰਿਪੋਰਟਿੰਗ ਜਾਂਚ ਫਾਰਮ (Mandatory Reporting Enquiry Form)
  - ਪੜਾਅ 1 - ਬਾਲ ਸੁਰੱਖਿਆ ਸ਼ੁਰੂਆਤੀ ਸੂਚਨਾ
  - ਫੇਜ਼ 2 - ਬਾਲ ਸੁਰੱਖਿਆ ਜਾਂਚ ਯੋਜਨਾ (Phase 2 – Child Protection Investigation Plan)
  - ਫੇਜ਼ 3 – ਬਾਲ ਸੁਰੱਖਿਆ ਜਾਂਚ ਰਿਪੋਰਟ (Phase 3 – Child Protection Investigation Report)
- ਅੰਦਰੂਨੀ ਜਾਂਚ ਬਾਰੇ ਦਸਤਾਵੇਜ਼:
  - ਬਾਲ ਸੁਰੱਖਿਆ ਜਾਂਚ-ਪੜਤਾਲ ਕਰਨ ਦੇ ਤਰੀਕੇ ਦਾ ਮੈਨੂਅਲ
  - ਬਾਲ ਸੁਰੱਖਿਆ ਜਾਂਚ ਪ੍ਰਕਿਰਿਆ

## 7 ਨੀਤੀ ਦੀ ਸਮੀਖਿਆ

ਇਹ ਕੇਂਦਰ ਹਰ ਸਾਲ ਜਾਂ ਨਵੀਂ ਜਾਣਕਾਰੀ ਆਉਣ 'ਤੇ ਇਸ ਨੀਤੀ ਅਤੇ ਸੰਬੰਧਿਤ ਦਸਤਾਵੇਜ਼ਾਂ ਦੀ ਸਮੀਖਿਆ ਕਰੇਗਾ। ਟੀਮ ਦੇ ਮੈਂਬਰ ਅਤੇ ਸਾਡੇ ਕੇਂਦਰ ਦੇ ਪਰਿਵਾਰ, ਨੀਤੀ ਸਮੀਖਿਆ ਪ੍ਰਕਿਰਿਆ ਵਿੱਚ ਅਤਿ ਜ਼ਰੂਰੀ ਹਿੱਸੇਦਾਰ ਹਨ ਅਤੇ ਉਹਨਾਂ ਨੂੰ ਸਰਗਰਮੀ ਨਾਲ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਸਾਡੇ ਨੀਤੀ ਸਮੀਖਿਆ ਸਰਵੇਖਣ ਰਾਹੀਂ ਫੀਡਬੈਕ ਪ੍ਰਦਾਨ ਕੀਤਾ ਜਾ ਸਕਦਾ ਹੈ।

## 8 ਸੰਬੰਧਿਤ ਸਰੋਤ ਸਵੀਕਾਰਨਾਮਾ

- https://childsafe.humanrights.gov.au/national-principles
- https://aifs.gov.au/cfca/publications/australian-child-protection-legislation
- https://www.ombudsman.act.gov.au/improving-the-act/reportable-conduct

- https://ocg.nsw.gov.au/organisations/reportable-conduct-scheme
- https://www.csyw.qld.gov.au/child-family/protecting-children
- https://www.childprotection.sa.gov.au/
- https://services.dhhs.vic.gov.au/child-protection
- https://www.dcp.wa.gov.au/Pages/Home.aspx

## 9 ਕਾਨੂੰਨ

### ਨੈਸ਼ਨਲ ਕੁਆਲਿਟੀ ਫਰੇਮਵਰਕ/ਰਾਸ਼ਟਰੀ ਗੁਣਵੱਤਾ ਫਰੇਮਵਰਕ (NQF)

| ਬੱਚੇ (ਸਿੱਖਿਆ ਅਤੇ ਦੇਖਭਾਲ ਸੇਵਾਵਾਂ) ਰਾਸ਼ਟਰੀ ਕਾਨੂੰਨ | |
|---|---|
| S162A | ਰੋਜ਼ਾਨਾ ਦਾ ਦੇਖਭਾਲ ਕਾਰਜਭਾਰ ਦੇਖਣ ਵਾਲੇ ਵਿਅਕਤੀ ਅਤੇ ਨਾਮਜ਼ਦ ਸੁਪਰਵਾਈਜ਼ਰਾਂ ਕੋਲ ਬਾਲ ਸੁਰੱਖਿਆ ਸਿਖਲਾਈ ਹੋਣੀ ਚਾਹੀਦੀ ਹੈ |
| S165 | ਬੱਚਿਆਂ ਦੀ ਨਿਗਰਾਨੀ |
| S166 | ਅਣਉਚਿਤ ਅਨੁਸ਼ਾਸਨ |
| S167 | ਨੁਕਸਾਨ ਅਤੇ ਖ਼ਤਰੇ ਤੋਂ ਬੱਚਿਆਂ ਦੀ ਸੁਰੱਖਿਆ |
| **ਬੱਚੇ (ਸਿੱਖਿਆ ਅਤੇ ਦੇਖਭਾਲ ਸੇਵਾਵਾਂ) ਰਾਸ਼ਟਰੀ ਨਿਯਮ** | |
| R84 | ਬਾਲ ਸੁਰੱਖਿਆ ਕਾਨੂੰਨ ਬਾਰੇ ਜਾਗਰੁਕਤਾ |
| R85-87 | ਘਟਨਾਵਾਂ, ਸੱਟ, ਸਦਮਾ, ਅਤੇ ਬੀਮਾਰੀ |
| R168 | ਸਿੱਖਿਆ ਅਤੇ ਦੇਖਭਾਲ ਸੇਵਾ ਕੋਲ ਲਾਜ਼ਮੀ ਤੌਰ 'ਤੇ ਨੀਤੀਆਂ ਅਤੇ ਪ੍ਰਕਿਰਿਆਵਾਂ ਹੋਣੀਆਂ ਚਾਹੀਦੀਆਂ ਹਨ |

### ਰਾਸ਼ਟਰੀ ਗੁਣਵੱਤਾ ਮਿਆਰ (NQS)

| ਗੁਣਵੱਤਾ ਖੇਤਰ 2: ਬੱਚਿਆਂ ਦੀ ਸਿਹਤ ਅਤੇ ਸੁਰੱਖਿਆ | | |
|---|---|---|
| 2.2 | ਸੁਰੱਖਿਆ | ਹਰ ਬੱਚੇ ਦਾ ਸਤਿਕਾਰ ਕੀਤਾ ਜਾਂਦਾ ਹੈ |
| 2.2.1 | ਨਿਗਰਾਨੀ | ਬੱਚਿਆਂ ਨੂੰ ਨੁਕਸਾਨ ਅਤੇ ਖ਼ਤਰੇ ਤੋਂ ਸੁਰੱਖਿਅਤ ਰੱਖਣ ਲਈ ਹਰ ਸਮੇਂ, ਵਾਜਬ ਸਾਵਧਾਨੀਆਂ ਅਤੇ ਲੋੜੀਂਦੀ ਨਿਗਰਾਨੀ |
| 2.2.2 | ਘਟਨਾ ਅਤੇ ਐਮਰਜੈਂਸੀ ਪ੍ਰਬੰਧਨ | ਘਟਨਾਵਾਂ ਅਤੇ ਐਮਰਜੈਂਸੀਆਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਯੋਜਨਾਵਾਂ ਹਨ ਜੋ ਸੰਬੰਧਿਤ ਅਧਿਕਾਰਿਤ ਵਿਭਾਗਾਂ ਨਾਲ ਸਲਾਹ-ਮਸ਼ਵਰਾ ਕਰਕੇ ਵਿਕਸਤ, ਅਭਿਆਸ ਅਤੇ ਲਾਗੂ ਕੀਤੀਆਂ ਜਾਂਦੀਆਂ ਹਨ |
| 2.2.3 | ਬਾਲ ਸੁਰੱਖਿਆ | ਪ੍ਰਬੰਧਕ, ਸਿੱਖਿਅਕ, ਅਤੇ ਸਟਾਫ਼ ਸ਼ੋਸ਼ਣ ਜਾਂ ਨਜ਼ਰਅੰਦਾਜ਼ ਕੀਤੇ ਜਾਣ ਦੇ ਖ਼ਤਰੇ ਵਿਚਲੇ ਹਰੇਕ ਬੱਚੇ ਦੀ ਪਛਾਣ ਕਰਨ ਅਤੇ ਜਵਾਬੀ ਕਾਰਵਾਈ ਕਰਨ ਲਈ ਉਹਨਾਂ ਦੀਆਂ ਭੂਮਿਕਾਵਾਂ ਅਤੇ ਕਾਨੂੰਨੀ ਜ਼ਿੰਮੇਵਾਰੀਆਂ ਤੋਂ ਜਾਣੂ ਹਨ |
| **ਗੁਣਵੱਤਾ ਖੇਤਰ 4: ਸਟਾਫਿੰਗ ਪ੍ਰਬੰਧ** | | |
| 4.2 | ਪੇਸ਼ੇਵਰਤਾ | ਪ੍ਰਬੰਧਕ, ਸਿੱਖਿਅਕ, ਅਤੇ ਸਟਾਫ਼ ਸਹਿਯੋਗੀ, ਸਤਿਕਾਰਯੋਗ ਅਤੇ ਨੈਤਿਕ ਹਨ |
| 4.2.2 | ਪੇਸ਼ੇਵਰ ਮਿਆਰ | ਪੇਸ਼ਾਵਰ ਮਿਆਰ ਕੰਮ ਕਰਨ ਦੇ ਤਰੀਕਿਆਂ, ਆਪਸੀ ਗੱਲਬਾਤ ਕ੍ਰਿਆਵਾਂ ਅਤੇ ਸੰਬੰਧਾਂ ਦਾ ਮਾਰਗਦਰਸ਼ਨ ਕਰਦੇ ਹਨ |
| **ਗੁਣਵੱਤਾ ਖੇਤਰ 5: ਬੱਚਿਆਂ ਨਾਲ ਸੰਬੰਧ** | | |
| 5.1.1 | ਬੱਚਿਆਂ ਦੀ ਸਿੱਖਿਅਕ ਨਾਲ ਸਕਾਰਾਤਮਕ ਗੱਲਬਾਤ | ਜਵਾਬਦੇਹ ਅਤੇ ਅਰਥਪੂਰਨ ਆਪਸੀ ਗੱਲਬਾਤ ਭਰੋਸੇਮੰਦ ਰਿਸ਼ਤੇ ਬਣਾਉਂਦੀਆਂ ਹਨ ਜੋ ਹਰੇਕ ਬੱਚੇ ਨੂੰ ਸੁਰੱਖਿਅਤ, ਆਤਮ-ਵਿਸ਼ਵਾਸੀ ਮਹਿਸੂਸ ਕਰਨ ਲਈ ਸ਼ਾਮਲ ਅਤੇ ਸਮਰਥਨ ਕਰਦੇ ਹਨ |
| 5.1.2 | ਬੱਚੇ ਦਾ ਮਾਣ-ਸਨਮਾਨ ਅਤੇ ਅਧਿਕਾਰ | ਹਰ ਬੱਚੇ ਦੇ ਮਾਣ-ਸਨਮਾਨ ਅਤੇ ਅਧਿਕਾਰਾਂ ਨੂੰ ਕਾਇਮ ਰੱਖਿਆ ਜਾਂਦਾ ਹੈ |
| 5.2.2 | ਸਵੈ-ਨਿਯੰਤਰਨ | ਹਰੇਕ ਬੱਚੇ ਨੂੰ ਆਪਣੇ ਵਿਵਹਾਰ ਨੂੰ ਨਿਯੰਤ੍ਰਿਤ ਕਰਨ, ਦੂਸਰਿਆਂ ਦੇ ਵਿਵਹਾਰ ਪ੍ਰਤੀ ਉਚਿਤ ਪ੍ਰਤੀਕਿਰਿਆ ਕਰਨ, ਅਤੇ ਝਗੜਿਆਂ ਨੂੰ ਸੁਲਝਾਉਣ ਲਈ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨ ਵਿੱਚ ਸਹਾਇਤਾ ਕੀਤੀ ਜਾਂਦੀ ਹੈ |

| ਗੁਣਵੱਤਾ ਖੇਤਰ 6: ਪਰਿਵਾਰਾਂ ਅਤੇ ਭਾਈਚਾਰਿਆਂ ਨਾਲ ਸਹਿਯੋਗੀ ਭਾਈਵਾਲੀ | | |
|---|---|---|
| 6.2.2 | ਪਹੁੰਚ ਅਤੇ ਭਾਗੀਦਾਰੀ | ਪ੍ਰਭਾਵਸ਼ਾਲੀ ਭਾਈਵਾਲੀਆਂ ਇਸ ਪ੍ਰੋਗਰਾਮ ਵਿੱਚ ਬੱਚਿਆਂ ਦੀ ਪਹੁੰਚ, ਸ਼ਮੂਲੀਅਤ ਅਤੇ ਭਾਗੀਦਾਰੀ ਦਾ ਸਮਰਥਨ ਕਰਦੀਆਂ ਹਨ |
| **ਗੁਣਵੱਤਾ ਖੇਤਰ 7: ਸ਼ਾਸਨ ਅਤੇ ਅਗਵਾਈ** | | |
| 7.1 | ਸ਼ਾਸਨ | ਸ਼ਾਸਨ ਇੱਕ ਗੁਣਵੱਤਾ ਵਾਲੀ ਸੇਵਾ ਦੇ ਸੰਚਾਲਨ ਦਾ ਸਮਰਥਨ ਕਰਦਾ ਹੈ |
| 7.1.2 | ਪ੍ਰਬੰਧਨ ਪ੍ਰਣਾਲੀਆਂ | ਪ੍ਰਣਾਲੀਆਂ ਜ਼ੋਖਮ ਦਾ ਪ੍ਰਬੰਧਨ ਕਰਨ ਅਤੇ ਗੁਣਵੱਤਾ ਭਰਪੂਰ ਸੇਵਾ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਅਤੇ ਸੰਚਾਲਨ ਨੂੰ ਸਮਰੱਥ ਬਣਾਉਣ ਲਈ ਲਾਗੂ ਹਨ |
| 7.1.3 | ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ | ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਸਪਸ਼ਟ ਤੌਰ 'ਤੇ ਪਰਿਭਾਸ਼ਿਤ ਹਨ ਅਤੇ ਸਮਝੀਆਂ ਗਈਆਂ ਹਨ ਅਤੇ ਪ੍ਰਭਾਵਸ਼ਾਲੀ ਫ਼ੈਸਲੇ ਲੈਣ ਅਤੇ ਸੇਵਾ ਸੰਚਾਲਨ ਦਾ ਸਮਰਥਨ ਕਰਦੀਆਂ ਹਨ |
| 7.2.1 | ਲਗਾਤਾਰ ਸੁਧਾਰ | ਇੱਥੇ ਇੱਕ ਪ੍ਰਭਾਵਸ਼ਾਲੀ ਸਵੈ-ਮੁਲਾਂਕਣ ਅਤੇ ਗੁਣਵੱਤਾ ਸੁਧਾਰ ਪ੍ਰਕਿਰਿਆ ਲਾਗੂ ਹੈ |
| 7.2.3 | ਪੇਸ਼ੇਵਰਾਂ ਦਾ ਵਿਕਾਸ | ਸਿੱਖਿਅਕਾਂ, ਕੋਆਰਡੀਨੇਟਰਾਂ, ਅਤੇ ਸਟਾਫ਼ ਮੈਂਬਰਾਂ ਦੀ ਕਾਰਗੁਜ਼ਾਰੀ ਦਾ ਨਿਯਮਿਤ ਤੌਰ 'ਤੇ ਮੁਲਾਂਕਣ ਕੀਤਾ ਜਾਂਦਾ ਹੈ, ਅਤੇ ਸਿੱਖਿਆ ਅਤੇ ਵਿਕਾਸ ਨੂੰ ਸਮਰਥਨ ਦੇਣ ਲਈ ਹਰੇਕ ਲਈ ਵਿਅਕਤੀਗਤ ਯੋਜਨਾਵਾਂ ਲਾਗੂ ਕੀਤੀਆਂ ਜਾਂਦੀਆਂ ਹਨ |

## ਰਾਜ ਬਾਲ ਸੁਰੱਖਿਆ ਕਾਨੂੰਨ

| ਰਾਜ | ਕਾਨੂੰਨ | ਰੈਗੂਲੇਟਰੀ ਅਥਾਰਟੀ |
|---|---|---|
| ਐਕਟ (ਧਾਰਾ) | ਚਿਲਡਰਨ ਐਂਡ ਯੰਗ ਪੀਪਲ ਐਕਟ 1998 (ACT) | ਬਾਲ ਅਤੇ ਯੁਵਾ ਸੁਰੱਖਿਆ ਸੇਵਾਵਾਂ (CYPS) |
| | ਮਨੁੱਖੀ ਅਧਿਕਾਰ ਕਮਿਸ਼ਨ ਐਕਟ 2005 | ਬੱਚਿਆਂ ਅਤੇ ਯੁਵਾਵਾਂ ਦੇ ਕਮਿਸ਼ਨਰ (CYPC) |
| | ਓਮਬਡਸਮੈਨ ਐਕਟ 1989 (ACT) | ACT ਓਮਬਡਸਮੈਨ/ਲੋਕਪਾਲ |
| | ਅਪਰਾਧ ਕਾਨੂੰਨ 1900 (ACT) | ACT ਪੁਲਿਸ/ਆਸਟ੍ਰੇਲੀਆਈ ਫੈਡਰਲ ਪੁਲਿਸ |
| | ਕਮਜ਼ੋਰ ਲੋਕਾਂ ਨਾਲ ਕੰਮ ਕਰਨਾ (ਪਿਛੋਕੜ ਦੀ ਜਾਂਚ ਕਰਨਾ) ਕਾਨੂੰਨ 2011 (ACT) | ਕਮਜ਼ੋਰ ਵਿਅਕਤੀਆਂ ਨਾਲ ਕੰਮ ਕਰਨ ਵਾਲੀ ਕਾਨੂੰਨ-ਪਾਲਣਾ ਟੀਮ – ਐਕਸੈੱਸ ਕੈਨਬਰਾ |
| NSW | ਬੱਚੇ ਅਤੇ ਯੁਵਾ ਵਿਅਕਤੀ (ਦੇਖਭਾਲ ਅਤੇ ਸੁਰੱਖਿਆ) ਐਕਟ 1998 (NSW) | ਕਮਿਊਨਿਟੀਜ਼ ਅਤੇ ਨਿਆਂ ਵਿਭਾਗ (DCJ) |
| | ਬੱਚਿਆਂ ਦੇ ਸਰਪ੍ਰਸਤ ਕਾਨੂੰਨ 2019 (NSW) | ਬੱਚਿਆਂ ਦੇ ਸਰਪ੍ਰਸਤ ਦਾ ਦਫ਼ਤਰ (OCG) |
| | ਅਪਰਾਧ ਕਾਨੂੰਨ 1900 (NSW) | ਨਿਊ ਸਾਊਥ ਵੇਲਜ਼ ਪੁਲਿਸ ਫੋਰਸ |
| | ਬਾਲ ਸੁਰੱਖਿਆ (ਬੱਚਿਆਂ ਨਾਲ ਕੰਮ ਕਰਨਾ ਕਾਨੂੰਨ) ਕਾਨੂੰਨ 2011 (NSW) | ਬੱਚਿਆਂ ਦੇ ਸਰਪ੍ਰਸਤ ਦਾ ਦਫ਼ਤਰ (OCG) |
| QLD | ਬਾਲ ਸੁਰੱਖਿਆ ਐਕਟ 1999 (QLD) | ਬਾਲ ਸੁਰੱਖਿਆ, ਬਜ਼ੁਰਗ ਅਤੇ ਅਪੰਗਤਾ ਸੇਵਾਵਾਂ ਵਿਭਾਗ<br>ਬਲੂਕਾਰਡ ਸੇਵਾਵਾਂ |
| | ਬਾਲ ਸੁਰੱਖਿਆ ਸੰਗਠਨ ਕਾਨੂੰਨ 2024 | ਕੁਇਨਜ਼ਲੈਂਡ ਪਰਿਵਾਰ ਅਤੇ ਬਾਲ ਕਮਿਸ਼ਨ (QFCC) |
| | ਕ੍ਰਿਮੀਨਲ ਕੋਡ ਐਕਟ 1899 (QLD) | ਕੁਇਨਜ਼ਲੈਂਡ ਪੁਲਿਸ ਸੇਵਾ |
| VIC | ਬੱਚੇ, ਯੁਵਾ ਅਤੇ ਪਰਿਵਾਰ ਐਕਟ 2005 (VIC) | ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ (DHHS)<br>ਵਰਕਿੰਗ ਵਿਦ ਚਿਲਡਰਨ ਚੈੱਕ ਵਿਕਟੋਰੀਆ - ਸਰਵਿਸ ਵਿਕਟੋਰੀਆ |
| | ਬਾਲ ਭਲਾਈ ਅਤੇ ਸੁਰੱਖਿਆ ਐਕਟ 2005 (VIC) (ਰਿਪੋਰਟੇਬਲ ਆਚਰਣ ਯੋਜਨਾ) | ਬੱਚਿਆਂ ਅਤੇ ਯੁਵਾਵਾਂ ਲਈ ਕਮਿਸ਼ਨ (CCYP) |
| | ਅਪਰਾਧ ਕਾਨੂੰਨ 1958 (VIC) | ਵਿਕਟੋਰੀਆ ਪੁਲਿਸ |
| SA | ਬੱਚੇ ਅਤੇ ਯੁਵਾ (ਸੁਰੱਖਿਆ) ਐਕਟ 2017 (SA) | ਬਾਲ ਸੁਰੱਖਿਆ ਲਈ ਵਿਭਾਗ |
| | ਬਾਲ ਸੁਰੱਖਿਆ (ਵਰਜਿਤ ਵਿਅਕਤੀ) ਐਕਟ 2016 | ਸਾਊਥ ਆਸਟ੍ਰੇਲੀਆ ਸਕ੍ਰੀਨਿੰਗ ਯੂਨਿਟ |
| | ਅਪਰਾਧਿਕ ਕਾਨੂੰਨ ਇਕਜੁੱਟਤਾ ਐਕਟ 1935 (SA) | ਸਾਊਥ ਆਸਟ੍ਰੇਲੀਆ ਪੁਲਿਸ |
| WA | ਚਿਲਡਰਨ ਐਂਡ ਕਮਿਊਨਿਟੀ ਸਰਵਿਸਿਜ਼ ਐਕਟ 2004 (WA) | ਕਮਿਊਨਿਟੀ ਵਿਭਾਗ |
| | ਸੰਸਦੀ ਕਮਿਸ਼ਨਰ ਸੋਧ (ਰਿਪੋਰਟੇਬਲ ਆਚਰਣ) ਐਕਟ 2022 (WA) | WA ਓਮਬਡਸਮੈਨ/ਲੋਕਪਾਲ |
| | ਵਰਕਿੰਗ ਵਿਦ ਚਿਲਡਰਨ (ਅਪਰਾਧਿਕ ਰਿਕਾਰਡ ਜਾਂਚ) ਐਕਟ 2004 (WA) | ਵਰਕਿੰਗ ਵਿਦ ਚਿਲਡਰਨ ਚੈੱਕ |

## ਬਾਲ ਸੁਰੱਖਿਆ ਸੰਸਥਾਵਾਂ ਲਈ ਰਾਸ਼ਟਰੀ ਸਿਧਾਂਤ

| | |
|---|---|
| **ਸਿਧਾਂਤ 1:** | ਬਾਲ ਸੁਰੱਖਿਆ ਸੰਸਥਾਗਤ ਅਗਵਾਈ, ਸ਼ਾਸਨ ਅਤੇ ਸੱਭਿਆਚਾਰ ਵਿੱਚ ਸ਼ਾਮਲ ਕੀਤੀ ਗਈ ਹੈ। |
| **ਸਿਧਾਂਤ 2:** | ਬੱਚੇ ਉਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਵਿੱਚ ਹਿੱਸਾ ਲੈਂਦੇ ਹਨ ਅਤੇ ਉਹਨਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ। |
| **ਸਿਧਾਂਤ 3:** | ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸੂਚਿਤ ਅਤੇ ਸ਼ਾਮਲ ਕੀਤਾ ਜਾਂਦਾ ਹੈ। |
| **ਸਿਧਾਂਤ 4:** | ਸਮਾਨਤਾ ਨੂੰ ਬਰਕਰਾਰ ਰੱਖਿਆ ਜਾਂਦਾ ਹੈ, ਅਤੇ ਵਿਭਿੰਨਤਾ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। |
| **ਸਿਧਾਂਤ 5:** | ਬੱਚਿਆਂ ਨਾਲ ਕੰਮ ਕਰਨ ਵਾਲੇ ਲੋਕ ਢੁੱਕਵੇਂ ਅਤੇ ਸਹਿਯੋਗੀ ਹਨ। |
| **ਸਿਧਾਂਤ 6:** | ਬਾਲ ਜਿਨਸੀ ਸ਼ੋਸ਼ਣ ਦੀਆਂ ਸ਼ਿਕਾਇਤਾਂ ਪ੍ਰਤੀ ਜਵਾਬੀ ਕਾਰਵਾਈ ਕਰਨ ਵਾਲੀਆਂ ਪ੍ਰਕਿਰਿਆਵਾਂ ਬਾਲ ਕੇਂਦਰਿਤ ਹੁੰਦੀਆਂ ਹਨ। |
| **ਸਿਧਾਂਤ 7:** | ਬੱਚਿਆਂ ਅਤੇ ਯੁਵਾਵਾਂ ਨੂੰ ਸੁਰੱਖਿਅਤ ਰੱਖਣ ਲਈ ਸਟਾਫ਼ ਅਤੇ ਵਾਲੰਟੀਅਰ ਨਿਰੰਤਰ ਜਾਰੀ ਰਹਿਣ ਵਾਲੀ ਸਿੱਖਿਆ ਅਤੇ ਸਿਖਲਾਈ ਦੁਆਰਾ ਗਿਆਨ, ਹੁਨਰ ਅਤੇ ਜਾਗਰੂਕਤਾ ਨਾਲ ਲੈਸ ਹਨ। |
| **ਸਿਧਾਂਤ 8:** | ਅਸਲ ਅਤੇ ਔਨਲਾਈਨ ਮਾਹੌਲ ਸ਼ੋਸ਼ਣ ਹੋਣ ਦੇ ਮੌਕੇ ਨੂੰ ਘੱਟ ਤੋਂ ਘੱਟ ਕਰਦੇ ਹਨ। |
| **ਸਿਧਾਂਤ 9:** | ਬਾਲ ਸੁਰੱਖਿਆ ਮਿਆਰਾਂ ਨੂੰ ਲਾਗੂ ਕਰਨ ਦੀ ਲਗਾਤਾਰ ਸਮੀਖਿਆ ਕੀਤੀ ਜਾਂਦੀ ਹੈ ਅਤੇ ਸੁਧਾਰਿਆ ਜਾਂਦਾ ਹੈ। |
| **ਸਿਧਾਂਤ 10:** | ਸੰਸਥਾ ਕਿਵੇਂ ਬਾਲ ਸੁਰੱਖਿਅਤ ਹੈ ਇਸ ਬਾਰੇ ਨੀਤੀਆਂ ਅਤੇ ਪ੍ਰਕਿਰਿਆਵਾਂ ਦਾ ਦਸਤਾਵੇਜ਼ੀਕਰਨ ਹੈ। |

## ਨਿਊ ਸਾਊਥ ਵੇਲਜ਼ ਦੇ ਬਾਲ ਸੁਰੱਖਿਆ ਮਿਆਰ

| | |
|---|---|
| **ਮਿਆਰ 1:** | ਬਾਲ ਸੁਰੱਖਿਆ ਸੰਸਥਾਗਤ ਅਗਵਾਈ, ਸ਼ਾਸਨ ਅਤੇ ਸੱਭਿਆਚਾਰ ਵਿੱਚ ਸ਼ਾਮਲ ਕੀਤੀ ਗਈ ਹੈ। |
| **ਮਿਆਰ 2:** | ਬੱਚੇ ਉਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਵਿੱਚ ਹਿੱਸਾ ਲੈਂਦੇ ਹਨ ਅਤੇ ਉਹਨਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ। |
| **ਮਿਆਰ 3:** | ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸੂਚਿਤ ਅਤੇ ਸ਼ਾਮਲ ਕੀਤਾ ਜਾਂਦਾ ਹੈ। |
| **ਮਿਆਰ 4:** | ਸਮਾਨਤਾ ਨੂੰ ਬਰਕਰਾਰ ਰੱਖਿਆ ਜਾਂਦਾ ਹੈ, ਅਤੇ ਵਿਭਿੰਨਤਾ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। |
| **ਮਿਆਰ 5:** | ਬੱਚਿਆਂ ਨਾਲ ਕੰਮ ਕਰਨ ਵਾਲੇ ਲੋਕ ਢੁੱਕਵੇਂ ਅਤੇ ਸਹਿਯੋਗੀ ਹਨ। |
| **ਮਿਆਰ 6:** | ਬਾਲ ਸ਼ੋਸ਼ਣ ਦੀਆਂ ਸ਼ਿਕਾਇਤਾਂ ਪ੍ਰਤੀ ਜਵਾਬੀ ਕਾਰਵਾਈ ਕਰਨ ਵਾਲੀਆਂ ਪ੍ਰਕਿਰਿਆਵਾਂ ਬਾਲ-ਕੇਂਦ੍ਰਿਤ ਹਨ। |
| **ਮਿਆਰ 7:** | ਬੱਚਿਆਂ ਅਤੇ ਯੁਵਾਵਾਂ ਨੂੰ ਸੁਰੱਖਿਅਤ ਰੱਖਣ ਲਈ ਸਟਾਫ਼ ਅਤੇ ਵਾਲੰਟੀਅਰ ਨਿਰੰਤਰ ਜਾਰੀ ਰਹਿਣ ਵਾਲੀ ਸਿੱਖਿਆ ਅਤੇ ਸਿਖਲਾਈ ਦੁਆਰਾ ਗਿਆਨ, ਹੁਨਰ ਅਤੇ ਜਾਗਰੂਕਤਾ ਨਾਲ ਲੈਸ ਹਨ। |
| **ਮਿਆਰ 8:** | ਅਸਲ ਅਤੇ ਔਨਲਾਈਨ ਮਾਹੌਲ ਸ਼ੋਸ਼ਣ ਹੋਣ ਦੇ ਮੌਕੇ ਨੂੰ ਘੱਟ ਤੋਂ ਘੱਟ ਕਰਦੇ ਹਨ। |
| **ਮਿਆਰ 9:** | ਬਾਲ ਸੁਰੱਖਿਆ ਮਿਆਰਾਂ ਨੂੰ ਲਾਗੂ ਕਰਨ ਦੀ ਲਗਾਤਾਰ ਸਮੀਖਿਆ ਕੀਤੀ ਜਾਂਦੀ ਹੈ ਅਤੇ ਸੁਧਾਰਿਆ ਜਾਂਦਾ ਹੈ। |
| **ਮਿਆਰ 10:** | ਨੀਤੀਆਂ ਅਤੇ ਪ੍ਰਕਿਰਿਆਵਾਂ ਦਸਤਾਵੇਜ਼ੀਕਰਨ ਹੈ ਕਿ ਸੰਸਥਾ ਕਿਵੇਂ ਬਾਲ ਸੁਰੱਖਿਅਤ ਹੈ। |

## ਵਿਕਟੋਰੀਆ ਦੇ ਬਾਲ ਸੁਰੱਖਿਆ ਮਿਆਰ

| | |
|---|---|
| **ਮਿਆਰ 1:** | ਸੰਸਥਾਵਾਂ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਾਹੌਲ ਸਿਰਜਦੀਆਂ ਹਨ ਜਿਸ ਵਿੱਚ ਐਬੋਰਿਜਨਲ ਬੱਚਿਆਂ ਅਤੇ ਯੁਵਾਵਾਂ ਦੀਆਂ ਵੱਖ-ਵੱਖ ਅਤੇ ਵਿਲੱਖਣ ਪਛਾਣਾਂ ਅਤੇ ਅਨੁਭਵਾਂ ਦਾ ਆਦਰ ਅਤੇ ਕਦਰ ਕੀਤਾ ਜਾਂਦਾ ਹੈ। |
| **ਮਿਆਰ 2:** | ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਸੰਸਥਾਤਮਕ ਅਗਵਾਈ, ਸ਼ਾਸਨ ਅਤੇ ਸੱਭਿਆਚਾਰ ਵਿੱਚ ਸ਼ਾਮਲ ਹੈ। |
| **ਮਿਆਰ 3:** | ਬੱਚਿਆਂ ਅਤੇ ਯੁਵਾਵਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਸਸ਼ਕਤ ਬਣਾਇਆ ਜਾਂਦਾ ਹੈ, ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਵਿੱਚ ਭਾਗੀਦਾਰੀ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ। |
| **ਮਿਆਰ 4:** | ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸੂਚਿਤ ਅਤੇ ਸ਼ਾਮਲ ਕੀਤਾ ਜਾਂਦਾ ਹੈ। |
| **ਮਿਆਰ 5:** | ਸਮਾਨਤਾ ਨੂੰ ਬਰਕਰਾਰ ਰੱਖਿਆ ਜਾਂਦਾ ਹੈ ਅਤੇ ਨੀਤੀ ਅਤੇ ਕੰਮ ਕਰਨ ਦੇ ਤਰੀਕਿਆਂ ਵਿੱਚ ਵਿਭਿੰਨਤਾ ਦੀਆਂ ਲੋੜਾਂ ਦਾ ਸਤਿਕਾਰ ਕੀਤਾ ਜਾਂਦਾ ਹੈ। |
| **ਮਿਆਰ 6:** | ਬੱਚਿਆਂ ਅਤੇ ਯੁਵਾਵਾਂ ਨਾਲ ਕੰਮ ਕਰਨ ਵਾਲੇ ਲੋਕ ਆਪਣੇ ਕੰਮ ਕਰਨ ਦੇ ਤਰੀਕੇ ਵਿੱਚ ਬਾਲ ਸੁਰੱਖਿਆ ਅਤੇ ਭਲਾਈ ਦੇ ਮੁੱਲਾਂ ਨੂੰ ਦਰਸਾਉਣ ਲਈ ਢੁੱਕਵੇਂ ਅਤੇ ਸਮਰਥਿਤ ਹਨ। |
| **ਮਿਆਰ 7:** | ਸ਼ਿਕਾਇਤਾਂ ਅਤੇ ਚਿੰਤਾਵਾਂ ਲਈ ਪ੍ਰਕਿਰਿਆਵਾਂ ਬਾਲ ਕੇਂਦਰਿਤ ਹਨ। |
| **ਮਿਆਰ 8:** | ਬੱਚਿਆਂ ਅਤੇ ਯੁਵਾਵਾਂ ਨੂੰ ਸੁਰੱਖਿਅਤ ਰੱਖਣ ਲਈ ਸਟਾਫ਼ ਅਤੇ ਵਾਲੰਟੀਅਰ ਨਿਰੰਤਰ ਜਾਰੀ ਰਹਿਣ ਵਾਲੀ ਸਿੱਖਿਆ ਅਤੇ ਸਿਖਲਾਈ ਦੁਆਰਾ ਗਿਆਨ, ਹੁਨਰ ਅਤੇ ਜਾਗਰੂਕਤਾ ਨਾਲ ਲੈਸ ਹਨ। |
| **ਮਿਆਰ 9:** | ਅਸਲ ਅਤੇ ਔਨਲਾਈਨ ਮਾਹੌਲ ਸੁਰੱਖਿਆ ਅਤੇ ਭਲਾਈ ਨੂੰ ਉਤਸ਼ਾਹਿਤ ਕਰਦੇ ਹਨ ਜਦੋਂ ਕਿ ਬੱਚਿਆਂ ਅਤੇ ਯੁਵਾਵਾਂ ਨੂੰ ਨੁਕਸਾਨ ਪਹੁੰਚਾਉਣ ਦੇ ਮੌਕੇ ਨੂੰ ਘੱਟ ਕਰਦੇ ਹਨ। |
| **ਮਿਆਰ 10:** | ਬਾਲ ਸੁਰੱਖਿਆ ਮਿਆਰਾਂ ਨੂੰ ਲਾਗੂ ਕਰਨ ਦੀ ਨਿਯਮਤ ਤੌਰ 'ਤੇ ਸਮੀਖਿਆ ਕੀਤੀ ਜਾਂਦੀ ਹੈ ਅਤੇ ਸੁਧਾਰਿਆ ਜਾਂਦਾ ਹੈ। |
| **ਮਿਆਰ 11:** | ਨੀਤੀਆਂ ਅਤੇ ਪ੍ਰਕਿਰਿਆਵਾਂ ਦਾ ਦਸਤਾਵੇਜ਼ੀਕਰਨ ਹੈ ਕਿ ਸੰਸਥਾ ਬੱਚਿਆਂ ਅਤੇ ਯੁਵਾਵਾਂ ਲਈ ਕਿਵੇਂ ਸੁਰੱਖਿਅਤ ਹੈ। |

## ਕੁਈਨਜ਼ਲੈਂਡ ਦੇ ਬਾਲ ਸੁਰੱਖਿਅਤ ਮਿਆਰ

| | |
|---|---|
| **ਮਿਆਰ 1:** | ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਸੰਸਥਾਤਮਕ ਅਗਵਾਈ, ਸ਼ਾਸਨ ਅਤੇ ਸੱਭਿਆਚਾਰ ਵਿੱਚ ਸ਼ਾਮਲ ਹੈ। |
| **ਮਿਆਰ 2:** | ਬੱਚਿਆਂ ਅਤੇ ਯੁਵਾਵਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਸੂਚਿਤ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਵਿੱਚ ਭਾਗੀਦਾਰੀ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ। |
| **ਮਿਆਰ 3:** | ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸੂਚਿਤ ਅਤੇ ਸ਼ਾਮਲ ਕੀਤਾ ਜਾਂਦਾ ਹੈ। |
| **ਮਿਆਰ 4:** | ਸਮਾਨਤਾ ਨੂੰ ਬਰਕਰਾਰ ਰੱਖਿਆ ਜਾਂਦਾ ਹੈ ਅਤੇ ਨੀਤੀ ਅਤੇ ਕੰਮ ਕਰਨ ਦੇ ਤਰੀਕਿਆਂ ਵਿੱਚ ਵਿਭਿੰਨਤਾ ਦੀਆਂ ਲੋੜਾਂ ਦਾ ਸਤਿਕਾਰ ਕੀਤਾ ਜਾਂਦਾ ਹੈ। |
| **ਮਿਆਰ 5:** | ਬੱਚਿਆਂ ਅਤੇ ਯੁਵਾਵਾਂ ਨਾਲ ਕੰਮ ਕਰਨ ਵਾਲੇ ਲੋਕ ਆਪਣੇ ਕੰਮ ਕਰਨ ਦੇ ਤਰੀਕੇ ਵਿੱਚ ਬਾਲ ਸੁਰੱਖਿਆ ਅਤੇ ਭਲਾਈ ਦੇ ਮੁੱਲਾਂ ਨੂੰ ਦਰਸਾਉਣ ਲਈ ਢੁਕਵੇਂ ਅਤੇ ਸਮਰਥਿਤ ਹਨ। |
| **ਮਿਆਰ 6:** | ਸ਼ਿਕਾਇਤਾਂ ਅਤੇ ਚਿੰਤਾਵਾਂ ਲਈ ਪ੍ਰਕਿਰਿਆਵਾਂ ਬਾਲ ਕੇਂਦਰਿਤ ਹਨ। |
| **ਮਿਆਰ 7:** | ਬੱਚਿਆਂ ਅਤੇ ਯੁਵਾਵਾਂ ਨੂੰ ਸੁਰੱਖਿਅਤ ਰੱਖਣ ਲਈ ਸਟਾਫ਼ ਅਤੇ ਵਾਲੰਟੀਅਰ ਨਿਰੰਤਰ ਜਾਰੀ ਰਹਿਣ ਵਾਲੀ ਸਿੱਖਿਆ ਅਤੇ ਸਿਖਲਾਈ ਦੁਆਰਾ ਗਿਆਨ, ਹੁਨਰ ਅਤੇ ਜਾਗਰੂਕਤਾ ਨਾਲ ਲੈਸ ਹਨ। |
| **ਮਿਆਰ 8:** | ਅਸਲ ਅਤੇ ਔਨਲਾਈਨ ਮਾਹੌਲ ਸੁਰੱਖਿਆ ਅਤੇ ਭਲਾਈ ਨੂੰ ਉਤਸ਼ਾਹਿਤ ਕਰਦੇ ਹਨ ਜਦੋਂ ਕਿ ਬੱਚਿਆਂ ਅਤੇ ਯੁਵਾਵਾਂ ਨੂੰ ਨੁਕਸਾਨ ਪਹੁੰਚਾਉਣ ਦੇ ਮੌਕੇ ਨੂੰ ਘੱਟ ਕਰਦੇ ਹਨ। |
| **ਮਿਆਰ 9:** | ਬਾਲ ਸੁਰੱਖਿਆ ਮਿਆਰਾਂ ਨੂੰ ਲਾਗੂ ਕਰਨ ਦੀ ਨਿਯਮਤ ਤੌਰ 'ਤੇ ਸਮੀਖਿਆ ਕੀਤੀ ਜਾਂਦੀ ਹੈ ਅਤੇ ਸੁਧਾਰਿਆ ਜਾਂਦਾ ਹੈ। |
| **ਮਿਆਰ 10:** | ਨੀਤੀਆਂ ਅਤੇ ਪ੍ਰਕਿਰਿਆਵਾਂ ਦਾ ਦਸਤਾਵੇਜ਼ੀਕਰਨ ਹੈ ਕਿ ਬੱਚਿਆਂ ਅਤੇ ਯੁਵਾਵਾਂ ਲਈ ਸੰਸਥਾ ਕਿਵੇਂ ਸੁਰੱਖਿਅਤ ਹੈ। |

## ਆਸਟ੍ਰੇਲੀਆਈ ਰਾਜਧਾਨੀ ਖੇਤਰਾਂ ਲਈ ਬਾਲ ਸੁਰੱਖਿਅਤ ਮਿਆਰ

| | |
|---|---|
| **ਮਿਆਰ 1:** | ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਸੰਸਥਾਤਮਕ ਅਗਵਾਈ, ਸ਼ਾਸਨ ਅਤੇ ਸੱਭਿਆਚਾਰ ਵਿੱਚ ਸ਼ਾਮਲ ਹੈ। |
| **ਮਿਆਰ 2:** | ਬੱਚਿਆਂ ਅਤੇ ਯੁਵਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਜਾਣੂ ਕੀਤਾ ਜਾਂਦਾ ਹੈ, ਉਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਵਿੱਚ ਭਾਗੀਦਾਰੀ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਅਤੇ ਉਨ੍ਹਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ। |
| **ਮਿਆਰ 3:** | ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸੂਚਿਤ ਅਤੇ ਸ਼ਾਮਲ ਕੀਤਾ ਜਾਂਦਾ ਹੈ। |
| **ਮਿਆਰ 4:** | ਨੀਤੀ ਅਤੇ ਅਭਿਆਸ ਵਿੱਚ ਬਰਾਬਰੀ ਨੂੰ ਬਰਕਰਾਰ ਰੱਖਿਆ ਜਾਂਦਾ ਹੈ ਅਤੇ ਵਿਭਿੰਨ ਜ਼ਰੂਰਤਾਂ ਦਾ ਸਤਿਕਾਰ ਕੀਤਾ ਜਾਂਦਾ ਹੈ। |
| **ਮਿਆਰ 5:** | ਬੱਚਿਆਂ ਅਤੇ ਯੁਵਾਵਾਂ ਨਾਲ ਕੰਮ ਕਰਨ ਵਾਲੇ ਲੋਕ ਆਪਣੇ ਕੰਮ ਕਰਨ ਦੇ ਤਰੀਕੇ ਵਿੱਚ ਬਾਲ ਸੁਰੱਖਿਆ ਅਤੇ ਭਲਾਈ ਦੇ ਮੁੱਲਾਂ ਨੂੰ ਦਰਸਾਉਣ ਲਈ ਢੁਕਵੇਂ ਅਤੇ ਸਮਰਥਿਤ ਹਨ। |
| **ਮਿਆਰ 6:** | ਸ਼ਿਕਾਇਤਾਂ ਅਤੇ ਚਿੰਤਾਵਾਂ ਦਾ ਜਵਾਬ ਦੇਣ ਦੀਆਂ ਪ੍ਰਕਿਰਿਆਵਾਂ ਬੱਚਿਆਂ 'ਤੇ ਕੇਂਦ੍ਰਿਤ ਹੁੰਦੀਆਂ ਹਨ। |
| **ਮਿਆਰ 7:** | ਬੱਚਿਆਂ ਅਤੇ ਯੁਵਾਵਾਂ ਨੂੰ ਸੁਰੱਖਿਅਤ ਰੱਖਣ ਲਈ ਸਟਾਫ਼ ਅਤੇ ਵਾਲੰਟੀਅਰ ਨਿਰੰਤਰ ਜਾਰੀ ਰਹਿਣ ਵਾਲੀ ਸਿੱਖਿਆ ਅਤੇ ਸਿਖਲਾਈ ਦੁਆਰਾ ਗਿਆਨ, ਹੁਨਰ ਅਤੇ ਜਾਗਰੂਕਤਾ ਨਾਲ ਲੈਸ ਹਨ। |
| **ਮਿਆਰ 8:** | ਅਸਲ ਅਤੇ ਔਨਲਾਈਨ ਮਾਹੌਲ ਸੁਰੱਖਿਆ ਅਤੇ ਭਲਾਈ ਨੂੰ ਉਤਸ਼ਾਹਿਤ ਕਰਦੇ ਹਨ ਜਦੋਂ ਕਿ ਬੱਚਿਆਂ ਅਤੇ ਯੁਵਾਵਾਂ ਨੂੰ ਨੁਕਸਾਨ ਪਹੁੰਚਾਉਣ ਦੇ ਮੌਕੇ ਨੂੰ ਘੱਟ ਕਰਦੇ ਹਨ। |
| **ਮਿਆਰ 9:** | ਕਿਸੇ ਸੰਸਥਾ ਦੁਆਰਾ ਬਾਲ ਸੁਰੱਖਿਆ ਮਿਆਰਾਂ ਨੂੰ ਲਾਗੂ ਕਰਨ ਦੀ ਨਿਯਮਿਤ ਤੌਰ 'ਤੇ ਸਮੀਖਿਆ ਕੀਤੀ ਜਾਂਦੀ ਹੈ ਅਤੇ ਸੁਧਾਰ ਕੀਤਾ ਜਾਂਦਾ ਹੈ। |
| **ਮਿਆਰ 10:** | ਕਿਸੇ ਸੰਸਥਾ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਇਸ ਗੱਲ ਨੂੰ ਦਸਤਾਵੇਜ਼ ਕਰਦੀਆਂ ਹਨ ਕਿ ਉਹ ਸੰਸਥਾ ਬੱਚਿਆਂ ਅਤੇ ਯੁਵਾਵਾਂ ਲਈ ਕਿਵੇਂ ਸੁਰੱਖਿਅਤ ਹੈ। |